
ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਹਜ - ਅਨੰਦ



ਗੁਰਮਤਿ ਅਨੰਦ-ਕਾਰਜ



ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ਹੁਕਮਨਾਮਿਆਂ 'ਚੋਂ

- ਗੁਰੂ ਜੀ ਦਾ ਭੀ ਏਹੋ ਹੁਕਮ ਹੈ ਜੋ ਅਠਾਰਾਂ ਬਰਸਾਂ ਦੀ ਲੜਕੀ ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ ।

- ਅਰ ਲੜਕੇ-ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਵਣੇ ਹੋਸ਼ ਆਉਂਦੀ ਦੇ ਨਾਲ । ਜਿਸ ਦੇ ਕੰਠ ਨਾ ਹੋਵੇ ਬਾਣੀ ਓਸ ਨੇ ਕੰਠ ਕਰ ਲੈਣੀ ਜਰੂਰ ਜਿਤਨੀ ਹੋਇ ਸਕੇ ।

- ਖਾਲਸਾ ਜੀ ਲੜਕੀ ਮਾਰੇ ਯਾ ਬੇਚੇ, ਬਟਾ ਕਰੇ ਓਸ ਦੇ ਨਾਲ ਸੰਗਤ ਨੇ ਨਹੀਂ ਬਰਤਣਾ, ਨਾ ਓਸ ਦੇ ਘਰ ਜਾਣਾ, ਨਾ ਓਸ ਕੋ ਸੰਗਤ ਮੇਂ ਬੜਨ ਦੇਣਾ ।.....ਲੜਕੀਆਂ ਮੇਂ ਬਹੁਤ ਹੀ ਗੁਣ ਹੈਨ । ਕੁੜੀ ਦਾ ਮਾਰਨਾ ਗਊ ਤੇ ਬੀ ਬੜਾ ਪਾਪ ਹੈ । ਅਰ ਬਟਾ ਕਰਨੇ ਤੇ, ਦਮ ਲੈਨੇ ਤੇ ਕੁੜੀ ਕੋ ਬਰ ਅਛਾ ਨਹੀਂ ਮਿਲਦਾ, ਕੇ ਬੁੱਢਾ, ਕੇ ਕਿਸੋਹਣਾ ਲੱਭਦਾ ਹੈ । ਏਹੋ ਸਾਰਾ ਪਾਪ ਮਾਪਿਆਂ ਕੋ ਲਗਦਾ ਹੈ ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਸਹਜ - ਅਨੰਦ

ਗੁਰਮਤਿ ਅਨੰਦ-ਕਾਰਜ

ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਦੀ
ਸਵਰਣ-ਜਯੰਤੀ (1965 - 2015)

ਪ੍ਰਕਾਸ਼ਕ :
ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਰਜਿ:)
ਸ੍ਰੀ ਭੈਣੀ ਸਾਹਿਬ - 141 126

ਗੁਰਮਤਿ - ਅਨੰਦ - ਮਰਿਯਾਦਾ ਦੇ ਸੰਸਥਾਪਕ
ਸ੍ਰੀ ਸਤਿਗੁਰੂ ਰਾਮ ਸਿੰਘ ਜੀ



3 ਜੂਨ, 1863 ਈ: ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਗੁਰਮਤਿ ਅਨੰਦ ਮਰਿਯਾਦਾ ਦਾ ਸ਼ੁਭ ਆਰੰਭ

- ਸ੍ਰੀ ਰਾਮ ਸਿੰਘ ਕੂਕੇ ਪਹਿਲੇ ਅਨੰਦ ਸੁਛੰਦ ਪੜ੍ਹਾਏ ਸਹਿਲੇ ।
  ਤਿਨ ਕੋ ਦੇਖ ਔਰ ਸਿਖ ਘਨੇ, ਲਗੇ ਅਨੰਦ ਪੜ੍ਹਾਵਨ ਤਨੇ ।
  (ਭੁਪਿੰਦਰਾ ਨੰਦ-ਗਿਆਨੀ ਗਿਆਨ ਸਿੰਘ)
- ਮਰਨੇ ਔ ਪਰਨੇ ਪੈ ਬਿਪਰੈਂ ਬੁਲਾਵੈਂ ਨਾਹਿ ।
  ਆਨੰਦ ਪੜ੍ਹਾਵੈਂ ਰੀਤ ਗੁਰੂ ਘਰ ਕੀ ਲੱਭੀ । (ਪੰਥ ਪ੍ਰਕਾਸ਼-ਗਿਆਨੀ ਗਿਆਨ ਸਿੰਘ)
- "ਛੇ ਅਨੰਦ ਪੜ੍ਹਾਏ ਏਕ ਅਨੰਦ ਪੜ੍ਹਾਇਆ ਤਰਖਾਣ ਸਿੰਘ ਕੀ ਲੜਕੀ ਅਰੋੜਿਆਂ ਸਿੰਘਾਂ ਕਾ ਲੜਕਾ । ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਘਰ ਸੇ ਰੀਤ ਤੋਰੀ ਹੈ । ਸਰਬ ਖਾਲਸੇ ਕੋ ਕਰਨੀ ਪਏਗੀ । ਕਈਆਂ ਸਿੰਘਾਂ ਨੇ ਅਰਜਾਂ ਕੀਤੀਆਂ ਕਿ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜ੍ਹੇ ਜਾਵਨ ਤਾਂ ਅਸੀਂ ਪ੍ਰਸੰਨ ਹਾਂ । ਖੋਟੀਂ ਸਾਰੇ ਪਿੰਡ ਮੇਂ ਏਹ ਬਾਤਾਂ ਹੋਵਨ ਅਨੰਦ ਕੀਆਂ ਕਿ ਨਵੀਂ ਰੀਤ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾ ਭੀ ਛੋੜ ਦੀਆ ਹੈ । ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ । (ਸਤਿਗੁਰੂ ਬਿਲਾਸ-1, ਭਾਈ ਸੰਤੋਖ ਸਿੰਘ ਬਾਹੋਵਾਲ)

ਦਾਜ ਨਾ ਲੈਣ ਦੇਣ ਕਰਕੇ ਹੀ ਨਾਮਧਾਰੀਆਂ ਦੇ ਵਿਆਹ ਅਖਬਾਰਾਂ ਦੀਆਂ ਚਰਚਾ ਦਾ ਵਿਸ਼ਾ ਹੁੰਦੇ ਹਨ ਪਰ ਜੇ ਕੋਈ ਸਾਡੇ ਵਿਚੋਂ ਹੀ ਦਾਜ ਲੈਣ ਦੇਣ ਦੀ ਚੋਰੀ ਕਰਦਾ ਹੈ ਤਾਂ ਇਹ ਠੀਕ ਨਹੀਂ। ਝੂਠੀ ਚਰਚਾ ਕਰਨੀ ਤੇ ਕਰਵਾਉਣੀ ਸਮਾਜ ਲਈ ਅਨਾਦਰ ਦਾ ਕਾਰਨ ਹੀ ਬਣਦੀ ਹੈ। **ਲਾਵਾਂ ਦਾ ਭਾਵ-ਅਰਥ ਵਿਆਹ ਕਰਵਾ ਰਹੇ ਜੋੜਿਆਂ ਨੂੰ ਪਤਾ ਹੋਣਾ ਚਾਹੀਦਾ ਹੈ। ਜੇ ਬੱਚੇ 10 ਦਿਨ ਪਹਿਲਾਂ ਭੈਣੀ ਸਾਹਿਬ ਆ ਜਾਇਆ ਕਰਨ ਤਾਂ ਉਹਨਾਂ ਨੂੰ ਭਾਵ-ਅਰਥ ਦਾ ਗਿਆਨ ਕਰਵਾ ਦਿੱਤਾ ਜਾਇਆ ਕਰੇ।**

(ਮੇਲਾ ਬਸੰਤ ਪ੍ਰਕਾਸ਼ ਪੁਰਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਭੈਣੀ ਸਾਹਿਬ, ਮਿਤੀ 13 ਫਰਵਰੀ, 1986........ਬੀਤੇ ਦੀਆਂ ਪੈੜਾਂ, ਭਾਗ - 17)

※※※※※

ਨੋਟ :

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜਾ ਨੂੰ ਮੂਰਤੀਮਾਨ ਕਰਨ ਲਈ ਸਤਿਗੁਰੂ ਉਦੇ ਸਿੰਘ ਜੀ ਨੇ ਇਹ ਲਾਵਾਂ ਦੇ ਭਾਵ ਅਰਥ ਲਿਖਤੀ ਰੂਪ ਛਾਪਣ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਈ ਵੇਰ ਨਵ-ਵਿਆਹੇ ਜੋੜਿਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿਸਤ ਮਾਰਗ ਸਬੰਧੀ ਰਿਕਾਰਡ ਉਪਦੇਸ਼ ਦੀ ਕੈਸੇਟ ਸੁਨਣ ਲਈ ਦਿਆ ਕਰਦੇ ਸਨ ਕਿ ਇਹ ਸੁਣੋ ਤੇ ਇਸ ਅਨੁਸਾਰ ਚਲਣ ਦੀ ਕੋਸ਼ਿਸ਼ ਕਰੋ - ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿਸਤ-ਮਾਰਗ ਸਬੰਧੀ ਉਪਦੇਸ਼ ਵੀ ਛਾਪ ਰਹੇ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨੰਦਾਂ ਸਬੰਧੀ ਹਸਤ-ਲਿਖਤ ਹੁਕਮ ਅਤੇ ਅਨੰਦ - ਕਾਰਜਾਂ ਦਾ ਸੰਖੇਪ ਇਤਿਹਾਸ ਵੀ ਇਸ ਲਘੂ ਪੁਸਤਿਕਾ ਦਾ ਭਾਗ ਹੈ। ਗੁਰਬਾਣੀ ਵੀਚਾਰ - ਗੁਰਉਪਦੇਸ਼ ਅਤੇ ਗੁਰਮਤਿ ਜੀਵਨ ਜਾਚ ਸਫਲ ਗ੍ਰਹਿਸਤ ਜੀਵਨ ਲਈ ਮਾਰਗ - ਦਰਸ਼ਕ ਅਤੇ ਪ੍ਰੇਰਨਾ ਸ੍ਰੋਤ ਹੈ।

※※※※※

ਚੌਥੇ ਪਾਤਸ਼ਾਹ ਸਾਹਿਬ ਸਤਿਗੁਰੂ ਰਾਮਦਾਸ ਜੀ ਦੀ ਸੂਹੀ ਰਾਗ ਵਿਚ ਉਚਾਰੀ ਇਹ ਬਾਣੀ ਸਿਖ ਸਮਾਜ ਵਿਚ ਅਨੰਦ-ਕਾਰਜ਼ ਸਮੇਂ ਲਾਵਾਂ ਦੇ ਰੂਪ ਵਿਚ ਪੜ੍ਹੀ ਜਾਂਦੀ ਹੈ । ਸੰਸਾਰਕ ਤੌਰ ਤੇ ਜਿਥੇ ਵਿਆਹ-ਸੰਸਕਾਰ ਨਾਲ ਇਸਤ੍ਰੀ-ਮਰਦ ਦਾ ਪਰਿਵਾਰਕ ਰਿਸ਼ਤਾ ਜੁੜਦਾ ਹੈ ਉਥੇ ਇਹ ਬਾਣੀ ਜੀਵ-ਆਤਮਾ ਰੂਪੀ ਇਸਤ੍ਰੀ ਅਤੇ ਪੁਰਖ-ਪ੍ਰਮਾਤਮਾਂ ਦੇ ਮਿਲਾਪ ਦੇ ਚਾਰ ਪੜਾਵਾਂ ਦਾ ਜਿਕਰ ਕਰਦੀ ਹੈ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥

ਗੁਰੂ ਸਾਹਿਬ ਰਾਗ ਸੂਹੀ ਵਿਚ ਜੀਵ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੇ ਪਹਿਲੇ ਪੜਾਅ ਦਾ ਆਰੰਭ ਕਰਦਿਆਂ ਫੁਰਮਾਉਂਦੇ ਹਨ ਕਿ ਮੈਂ ਉਸ ਅਕਾਲ-ਪੁਰਖ ਤੋਂ ਵਾਰੇ ਵਾਰੇ ਜਾਂਦਾ ਹਾਂ ਜਿਸਨੇ ਸੰਸਾਰ ਦੇ ਮਾਰਗ-ਦਰਸ਼ਕ ਸਤਿਗੁਰੂ ਰਾਹੀਂ ਸ਼ੁੱਭ-ਕਰਮ ਕਰਨਾ ਦ੍ਰਿੜ ਕਰਵਾਇਆ ਹੈ।

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥

ਮੈਂ ਪ੍ਰਮਾਤਮਾਂ ਤੋਂ ਬਲਿਹਾਰੇ ਜਾਂਦਾ ਹਾਂ ਜਿਸਦੀ ਕਿਰਪਾ ਨਾਲ ਬ੍ਰਹਮਾਂ ਜੀ ਦੁਆਰਾ ਆਤਮਿਕ ਗਿਆਨ ਵਾਲੀ ਵੇਦ-ਬਾਣੀ ਵਿਚ ਦੱਸੇ ਧਰਮ ਦੇ ਗੁਣ ਸਤਿ, ਸੰਤੋਖ, ਦਇਆ, ਸ਼ੀਲਤਾ, ਖਿਮਾ, ਨਿਮਰਤਾ ਆਦਿ ਨੂੰ ਜੀਵਨ ਵਿਚ ਧਾਰਨ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ੇ-ਵਿਕਾਰਾਂ ਅਤੇ ਪਾਪਾਂ ਦਾ ਤਿਆਗ ਹੋ ਜਾਂਦਾ ਹੈ।

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਧਰਮ ਦੇ ਗੁਣਾ ਨੂੰ ਆਪਣੇ ਜੀਵਨ ਵਿਚ ਪੱਕਿਆ ਕਰੋ ਅਤੇ ਉਸ ਸਰਬ ਸ਼ਕਤੀਮਾਨ ਪ੍ਰਮਾਤਮਾਂ ਦੇ ਨਾਮ ਨੂੰ ਧਿਆਵੋ। ਹਿੰਦੂ-ਧਰਮ ਦੇ ਪੁਰਾਤਨ ਗ੍ਰੰਥ,ਸਿਮਰਤੀਆਂ ਵਿਚ ਵੀ ਨਾਮ-ਜਪਣਾ ਹੀ ਨਿਸਚੈ ਕਰਵਾਇਆ ਗਿਆ ਹੈ।

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥

ਸਤਿਗੁਰੂ ਜੀ ਆਦੇਸ਼ ਦਿੰਦੇ ਹਨ ਕਿ ਪੂਰੇ ਸਤਿਗੁਰੂ ਦਾ ਧਿਆਨ ਧਰੋ ਜਿਸ ਦੀ ਅਰਾਧਨਾ ਕਰਨ ਨਾਲ ਕਿਲਵਿਖ ਪਾਪ ਅਤੇ ਵਿਕਾਰ ਦੂਰ ਹੋ ਜਾਂਦੇ ਹਨ ਭਾਵ ਮਨ ਦੀ ਪ੍ਰਵਿਰਤੀ ਸਾਤਵਿਕ ਹੋ ਜਾਂਦੀ ਹੈ।

ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥

ਸਤਿਗੁਰੂ ਦੀ ਕ੍ਰਿਪਾ ਨਾਲ ਜੋ ਇਸ ਮਾਰਗ ਤੇ ਚੱਲਦਾ ਹੈ ਉਨਾਂ ਵੱਡੇ ਭਾਗਾਂ ਵਾਲਿਆ ਨੂੰ ਆਤਮਿਕ ਗਿਆਨ ਪ੍ਰਾਪਤ ਹੋ ਕੇ ਪਰਮ-ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਨੂੰ ਪ੍ਰਮਾਤਮਾਂ ਮਿੱਠਾ,ਮਿੱਠਾ ਭਾਵ ਪਿਆਰਾ ਪਿਆਰਾ ਲੱਗਣ ਲਗਦਾ ਹੈ।

ਜਨੁ ਕਹੈ ਨਾਨਕ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥

ਸਾਰੇ ਸਤਿਗੁਰੂ ਸਹਿਬਾਨ ਨੇ ਨਾਨਕ ਨਾਮ ਹੇਠ ਗੁਰਬਾਣੀ ਦੀ ਰਚਨਾ ਕੀਤੀ ਹੈ, ਇਥੇ ਚੌਥੇ ਸਤਿਗੁਰੂ ਗੁਰੁ ਰਾਮ ਦਾਸ ਜੀ ਗੁਰੁ ਨਾਨਕ ਦੇਵ ਜੀ ਦਾ ਨਾਮ ਵਰਤਦਿਆਂ, ਫੁਰਮਾਉਂਦੇ ਹਨ ਕਿ ਹੇ ਨਾਨਕ ਆਤਮਾਂ ਅਤੇ ਪਰਮਾਤਮਾਂ ਦੇ ਮਿਲਾਪ ਦੀ ਇਸ ਪਹਿਲੀ ਲਾਂਵ ਨਾਲ ਪ੍ਰਭੂ ਮਿਲਾਪ ਦਾ ਕਾਰਜ ਅਰੰਭ ਕੀਤਾ ਹੈ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ॥

ਅਧਿਆਤਮ ਮਾਰਗ ਦੇ ਦੂਸਰੇ ਪੜਾ ਦੀ ਅਰੰਭਤਾ ਕਰਦਿਆਂ ਸਤਿਗੁਰੂ ਜੀ ਫੁਰਮਾਂਉਂਦੇ ਹਨ ਕਿ ਮੈਂ ਉਸ ਪ੍ਰਮਾਤਮਾਂ ਤੋਂ ਬਲਿਹਾਰ, ਬਲਿਹਾਰ ਜਾਂਦਾ ਹਾਂ ਜਿਸਨੇ ਕ੍ਰਿਪਾ ਕਰਕੇ ਸਤਿਗੁਰੂ-ਪੁਰਖ ਨਾਲ ਮਿਲਾ ਦਿੱਤਾ ਹੈ।

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥

ਨਿਰਭਓ ਪ੍ਰਮਾਤਮਾ ਨਾਲ ਪ੍ਰੀਤ ਉਪਜੀ ਹੈ, ਲਗਨ ਲੱਗੀ ਹੈ, ਉਸਦੇ ਭੈ ਅਤੇ ਭਓ ਵਿਚ ਲੀਨ ਹੋ ਕੇ ਮੇਰੇ ਮਨ ਚੋਂ ਹਉਮੈ ਦਾ, ਵਿਕਾਰਾਂ ਦਾ ਮੈਲਾ-ਪਨ ਉਤਰ ਗਿਆ ਹੈ।

ਨਿਰਮਲੁ ਭਉ ਪਾਇਆ ਹਰਿਗੁਣ ਗਾਇਆ ਹਰਿ ਵੇਖੈ ਰਾਮ ਹਦੂਰੇ॥

ਨਿਰਮਲ ਭਉ ਭਾਵ ਜਿਸ ਨਾਲ ਪ੍ਰੀਤ ਹੁੰਦੀ ਹੈ ਉਸ ਦਾ ਮਨ ਵਿਚ ਡਰ ਵੀ ਹੁੰਦਾ ਹੈ ਕਿ ਮਤੇ ਉਹ ਨਾਰਾਜ਼ ਹੀ ਨਾ ਹੋ ਜਾਵੇ ਸੋ ਅਜਿਹਾ ਨਿਰਮਲ ਭਉ ਮਨ ਵਿਚ ਉਪਜਣ ਨਾਲ ਮੈਂ ਹਰੀ ਦੇ, ਪ੍ਰਭੂ ਦੇ ਗੁਣਾ ਦਾ ਗਾਇਨ ਕਰਦਿਆਂ ਉਸ ਨੂੰ ਸਦਾ ਅੰਗ-ਸੰਗ ਮਹਿਸੂਸ ਕਰਦਾ ਹਾਂ।

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥

ਕਿਉਂਕਿ ਉਸ ਸਰਬ ਵਿਆਪਕ ਪ੍ਰਮਾਤਮਾਂ ਦਾ ਹੀ ਇਹ ਸਾਰਾ ਬ੍ਰਹਿਮੰਡੀ ਪਸਾਰਾ ਹੈ, ਉਹ ਘਟ ਘਟ ਵਿਚ ਰਮਿਆਂ ਹੋਇਆ ਹੈ ਅਤੇ ਸਰਵ-ਵਿਆਪੀ ਹੈ। ਤੇ ਇਸ ਮਨੁੱਖੀ ਆਤਮਾਂ ਦਾ ਸਫਰ ਵੀ ਆਤਮਾਂ ਤੋਂ ਪ੍ਰਮਾਤਮਾਂ ਤੱਕ ਦਾ ਹੀ ਹੈ।

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥

ਅਜਿਹੇ ਹਰੀ ਦੇ ਜਨ, ਜਿਨਾਂ ਨੂੰ ਹਰ ਜੀਵ ਮਾਤਰ ਵਿਚ ਅਤੇ ਸਭ ਪਾਸੇ ਇਕੋ ਪ੍ਰਮਾਤਮਾਂ ਹੀ ਨਜ਼ਰੀਂ ਆਉਂਦਾ ਹੈ, ਉਹ ਹਰੀ-ਭਗਤ ਮਿਲ ਕੇ ਉਸ ਦੇ ਗੁਣਾ ਦਾ ਮੰਗਲਾ-ਚਰਨ ਕਰਦੇ ਹਨ,ਗੁਣ ਗਾਉਂਦੇ ਹਨ।

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥

ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਦੀ ਕ੍ਰਿਪਾ ਨਾਲ ਆਤਮਾਂ ਤੇ ਪ੍ਰਮਾਤਮਾਂ ਦੇ ਮਿਲਾਪ ਦੀ ਦੂਸਰੀ ਮੰਜਿਲ ਦੀ ਪ੍ਰਾਪਤੀ ਹੋਈ ਹੈ ਕਿ ਬਿਨਾ ਕਿਸੇ ਸਪਰਸ਼ ਤੋਂ ਉਪਜਣ ਵਾਲਾ ਬ੍ਰਹਿਮੰਡੀ ਨਾਦ ਭਾਵ ਅਨਹਦ ਨਾਦ ਵੱਜਣਾ ਸ਼ੁਰੂ ਹੋ ਗਿਆ ਹੈ ਭਾਵ ਸੁਣਾਈ ਦੇਣ ਲੱਗ ਪਿਆ ਹੈ।

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥

ਮੈਂ ਉਸ ਪ੍ਰਮਾਤਮਾਂ ਤੋਂ ਬਲਿਹਾਰੇ ਜਾਂਦਾ ਹਾਂ ਕਿ ਇਸ ਪ੍ਰਭੂ ਮਿਲਾਪ ਦੀ ਤੀਸਰੀ ਮੰਜ਼ਿਲ ਤੇ ਪਹੁੰਚਦਿਆਂ ਮਨ ਵਿਚ ਪ੍ਰਭੂ-ਮਿਲਾਪ ਦਾ ਚਾਓ ਉਪਜਿਆ ਹੈ ਅਤੇ ਮੇਰਾ ਮਨ ਵੈਰਾਗੀ ਭਾਵ ਦੁਨਿਆਵੀ ਭੋਗਾਂ ਤੋਂ ਮੁਕਤ ਹੋ ਗਿਆ ਹੈ। ਕੇਵਲ ਤੇ ਕੇਵਲ ਉਸ ਪ੍ਰਮਾਤਮਾਂ ਦੇ ਮਿਲਨ ਦਾ ਹੀ ਚਾਅ ਹੈ।

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥

ਮੈਂ ਉਸ ਪ੍ਰਮਾਤਮਾਂ ਤੋਂ ਵਾਰੇ ਵਾਰੇ ਜਾਂਦਾ ਹਾਂ ਕਿ ਵੱਡਿਆਂ ਭਾਗਾਂ ਵਾਲੇ ਪ੍ਰਭੂ ਭਗਤਾਂ ਨੇ ਸੰਤ-ਸਤਿਗੁਰੂ ਨੂੰ ਮਿਲ ਕੇ ਉਸ ਪ੍ਰਮਾਤਮਾਂ ਦੀ ਪ੍ਰਾਪਤੀ ਕਰ ਲਈ ਹੈ।

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥

ਉਸ ਪ੍ਰਭੂ ਦੇ ਗੁਣ ਗਾਇਨ ਕਰਦਿਆਂ ਅਤੇ ਰਸਨਾ ਦੁਆਰਾ ਉਸਦੀ ਬਾਣੀ ਗਾਉਂਦਿਆਂ ਮੈਨੂੰ ਉਸ ਵਿਸ਼ੇ-ਵਿਕਾਰਾਂ ਤੋਂ ਮੁਕਤ ਨਿਰਮਲ ਪ੍ਰਮਾਤਮਾਂ ਦੀ ਪਰਾਪਤੀ ਹੋ ਗਈ ਹੈ।

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥

ਵੱਡੇ ਭਾਗਾਂ ਨਾਲ ਸਤਿ-ਪੁਰਖਾਂ ਦੇ ਸੰਗ-ਸਾਥ ਵਿਚ ਕਥਨ ਤੋਂ ਰਹਿਤ ਉਸ ਅਕੱਥ ਤੇ ਅਪਰੰਪਾਰ ਪ੍ਰਮਾਤਮਾਂ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ।

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥

ਮੇਰੇ ਹਿਰਦੇ ਵਿਚ, ਮਨ-ਮਸਤਕ ਵਿਚ ਪ੍ਰਭੂ ਦੇ ਨਾਮ ਦੀ ਧੁਨੀ ਚੱਲ ਪਈ ਹੈ। ਮਸਤਕ ਵਿਚ ਲਿਖੇ ਉੱਤਮ ਭਾਗ ਪਰਗਟ ਹੋਣ ਨਾਲ ਹੀ ਹਰੀ ਦਾ ਨਾਮ ਜਪਿਆ ਜਾ ਸਕਦਾ ਹੈ।

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਮਾਰਗ ਦੇ ਤੀਸਰੇ ਪੜਾਓ ਤੇ ਪਹੁੰਚ ਕੇ ਮੇਰਾ ਮਨ ਲੋਕ-ਪ੍ਰਲੋਕ ਦੇ ਭੋਗਾਂ ਤੋਂ ਮੁਕਤ ਹੋ ਗਿਆ ਹੈ ਅਤੇ ਨਿਰਮੋਹ ਹੋ ਕੇ ਪਤੀ-ਪ੍ਰਮੇਸ਼ਰ ਦੇ ਮਿਲਾਪ ਦਾ ਵੈਰਾਗ ਉਪਜਿਆ ਹੈ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥

ਮੈਂ ਉਸ ਪ੍ਰਮਾਤਮਾਂ ਤੋਂ ਬਲਿਹਾਰੇ ਜਾਂਦਾ ਹਾਂ ਕਿ ਉਸਦੇ ਮਿਲਾਪ ਦੀ ਚੌਥੀ ਅਵਸਥਾ ਤੇ ਮੇਰਾ ਮਨ ਸਹਿਜ ਗਿਆਨ ਦੀ ਅਵਸਥਾ ਵਿਚ ਪਹੁੰਚ ਕੇ ਵਿਰਕਤ ਹੋ ਗਿਆ ਹੈ ਅਤੇ ਉਸ ਪ੍ਰਮਾਤਮਾਂ ਨਾਲ ਮਿਲਾਪ ਹੋ ਗਿਆ ਹੈ।

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥

ਮੈਂ ਉਸ ਸਤਿਗੁਰੂ ਤੋਂ ਕੁਰਬਾਨ ਜਾਂਦਾ, ਜਿਸ ਸਤਿਗੁਰੂ ਦੀ ਕ੍ਰਿਪਾ ਦੁਆਰਾ ਪ੍ਰਭੂ-ਮਿਲਾਪ ਦੇ ਉੱਤਮ ਪ੍ਰੇਮ ਵਿਚ ਲੀਨ ਹੋ ਕੇ ਸਰਵ-ਵਿਆਪਕ ਪ੍ਰਮਾਤਮਾਂ ਦਾ ਮਿਲਾਪ ਹੋਇਆ ਹੈ ਅਤੇ ਉਹ ਪ੍ਰਮਾਤਮਾ ਬਹੁਤ ਹੀ ਪਿਆਰਾ ਪਿਆਰਾ ਲੱਗਣ ਲੱਗ ਪਿਆ ਹੈ।

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥

ਜਿਸਨੂੰ ਹਰੀ ਦਾ ਨਾਮ ਮਿੱਠਾ ਲੱਗਦਾ ਹੈ ਭਾਵ ਜੋ ਉਸ ਪ੍ਰਮਾਤਮਾਂ ਦਾ ਨਾਮ ਜਪਦਾ ਹੈ ਉਹ ਹੀ ਅਕਾਲ-ਪੁਰਖ ਨੂੰ ਚੰਗਾ ਲਗਦਾ ਹੈ,ਉਸ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਅਤੇ ਉਹ ਜਗਿਆਸੂ ਹੀ ਆਪਣੀ ਸੁਰਤੀ ਦਿਨ ਰਾਤ ਪ੍ਰਭੂ ਚਰਨਾਂ ਨਾਲ ਲਾਈ ਰੱਖਦਾ ਹੈ।

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥

'ਮਨ ਚਿੰਦਿਆ ਫਲੁ' ਭਾਵ ਇਹ ਇਛਾ ਸੀ ਕਿ ਪ੍ਰਮਾਤਮਾਂ ਦੀ ਪ੍ਰਾਪਤੀ ਹੋਵੇ ਅਤੇ ਉਹ ਇਛਾ ਪੂਰੀ ਹੋਈ ਹੈ,ਉਸ ਫਲ ਦੀ ਪ੍ਰਾਪਤੀ ਹੋਈ ਹੈ ਅਤੇ ਜੀਵ-ਆਤਮਾਂ ਦਾ ਪਤੀ-ਪ੍ਰਮੇਸਰ ਨਾਲ ਮਿਲਾਪ ਹੋਇਆ ਹੈ। ਹਰੀ ਨਾਮ ਦੀਆਂ ਵਧਾਈਆਂ ਮਿਲੀਆਂ ਹਨ ਅਤੇ ਪਰਮ-ਅਨੰਦ ਦੀ ਅਵਸਥਾ ਪ੍ਰਾਪਤ ਹੋ ਗਈ ਹੈ।

ਹਰਿ ਪ੍ਰਭਿ ਠਾਕੁਰ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥

ਜਿਸ ਹਰੀ ਨੇ, ਪ੍ਰਮਾਤਮਾਂ ਨੇ ਸਤਿਗੁਰੂ ਦੁਆਰਾ ਇਹ ਪ੍ਰਭੂ-ਮਿਲਾਪ ਦਾ ਕਾਰਜ ਆਰੰਭ ਕੀਤਾ ਸੀ ਉਸਦੀ ਕਿਰਪਾ ਨਾਲ ਰਸਨਾ ਹਰ ਵਕਤ ਉਸਦੇ ਨਾਮ ਦਾ ਸਿਮਰਨ ਕਰਦੀ ਅਤੇ ਮੇਰੇ ਹਿਰਦੇ ਵਿਚ ਉਸਦੇ ਨਾਮ ਨਾਲ ਖੇੜਾ ਆਇਆ ਹੈ, ਵਿਗਾਸ ਹੋਇਆ ਹੈ।ਉਸ ਦੀ ਪ੍ਰਾਪਤੀ ਹੋਣ ਕਰਕੇ ਆਤਮਾਂ ਹਮੇਸ਼ਾਂ ਖੇੜੇ ਵਿਚ ਅਤੇ ਪਰਮ-ਅਨੰਦ ਦੀ ਅਵਸਥਾ ਵਿਚ ਰਹਿੰਦੀ ਹੈ।

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਦੀ ਕਿਰਪਾ ਨਾਲ ਪ੍ਰਭੂ ਮਿਲਾਪ ਦੀ ਆਖਰੀ ਅਤੇ ਚੌਥੀ ਮੰਜਿਲ ਤੇ ਪੁੱਜ ਕੇ ਸਦੀਵ ਕਾਲ ਤੱਕ ਰਹਿਣ ਵਾਲੇ ਅਬਿਨਾਸੀ-ਪੁਰਖ ਭਾਵ ਅਕਾਲ-ਪੁਰਖ ਪ੍ਰਮੇਸਰ ਦੀ ਪ੍ਰਾਪਤੀ ਹੋ ਗਈ ਹੈ।

ਸਰਲਾਰਥ : ਮਾਸਟਰ ਦਰਸ਼ਨ ਸਿੰਘ / ਸੰਤ ਨਿਸ਼ਾਨ ਸਿੰਘ

ਅਨੰਦੁ ਗੁਰ ਤੇ ਜਾਣਿਆ....

ਸੂਹੀ ਰਾਗ ਵਿਚ ਚੌਥੇ ਪਾਤਸ਼ਾਹ ਸਾਹਿਬ ਸਤਿਗੁਰੂ ਰਾਮਦਾਸ ਜੀ ਦੀ ਉਚਾਰੀ ਬਾਣੀ, ਜਿਸ ਵਿੱਚ ਸਤਿਗੁਰੂ ਜੀ ਨੇ ਪ੍ਰਭੂ-ਪ੍ਰਾਪਤੀ ਦੇ ਮਾਰਗ ਨੂੰ ਬੜੇ ਸਹਿਜ ਢੰਗ ਨਾਮ ਸਮਝਾਇਆ ਹੈ। ਇਹ ਬਾਣੀ ਜਿਸ ਵਿਚ ਜੀਵ-ਆਤਮਾ ਦਾ ਪਤੀ-ਪ੍ਰਮੇਸਰ ਨਾਲ ਮਿਲਾਪ ਦਾ ਜਿਕਰ ਹੈ, ਅਧਿਆਤਮ ਮਾਰਗ ਦੇ ਪਾਂਧੀਆਂ ਲਈ ਮਾਰਗ ਦਰਸਕ ਹੈ ਉਥੇ ਗ੍ਰਹਿਸਥ ਮਾਰਗ 'ਚ ਪ੍ਰਵੇਸ਼ ਕਰਨ ਵਾਲੀ ਦੰਪਤੀ ਲਈ ਵੀ ਇਕ ਪ੍ਰੇਰਨਾ ਹੈ, ਸੁਚੱਜੀ ਜੀਵਨ ਜਾਚ ਹੈ '**ਏਕ ਜੋਤਿ ਦੋਏ ਮੂਰਤੀ ਧਨ ਪਿਰ ਕਹੀਏ ਸੋਇ**' ਦਾ ਮੂਲ ਮੰਤਰ ਹੈ।

ਮਹਾਨ-ਕੋਸ਼ ਵਿੱਚ ਭਾਈ ਸਾਹਿਬ ਭਾਈ ਕਾਹਨ ਸਿੰਘ ਲਾਵਾਂ ਦਾ ਅਰਥ ਕਰਦੇ ਲਿਖਦੇ ਹਨ - ਲੜਕੀ ਦਾ ਪੇਕੇ ਪਰਿਵਾਰ ਨਾਲੋਂ ਸਬੰਧ ਤੋੜ ਕੇ ਆਪਣੇ ਪਤੀ ਅਤੇ ਪਤੀ ਦੇ ਪਰਿਵਾਰ ਨਾਲ ਸਬੰਧ ਜੋੜਨਾ, ਦੂਸਰੇ ਅਰਥਾਂ ਵਿੱਚ ਧਰਮ ਦੇ ਰਾਸਤੇ ਤੇ ਚੱਲਣ ਵਾਲਿਆਂ ਲਈ ਦੁਨੀਆਂਦਾਰੀ ਵਲੋਂ ਨਿਰਲੇਪ ਹੋ ਕੇ ਪਰਮਾਤਮਾ ਨਾਲ ਸਬੰਧ ਜੋੜਨਾ।

ਲਾਵਾਂ ਸਾਡੀਆਂ ਪ੍ਰੰਪਰਾਵਾਂ ਵਿੱਚ ਇਕ ਅਜਿਹੀ ਰਸਮ ਵੀ ਹੈ ਜਿਸ ਰਾਹੀਂ ਅਗਨੀ ਦੀ ਪਰਿਕਰਮਾ ਕਰਦੇ ਹੋਏ ਪ੍ਰਤਿਗਿਯਾ ਕੀਤੀ ਜਾਂਦੀ ਹੈ ਕਿ ਦੰਪਤੀ ਆਪਣੇ ਅੰਤਲੇ ਸਵਾਸਾਂ ਤੱਕ, ਜਦੋਂ ਤੱਕ ਸਵਾਸ ਤਿਆਗ ਚੁੱਕੀ ਉਹਨਾਂ ਦੀ ਕਾਇਆ ਅਗਨੀ ਸਪੁਰਦ ਨਹੀਂ ਹੋ ਜਾਂਦੀ ਉਹ ਪੂਰੀ ਵਫਾਦਾਰੀ ਨਾਲ ਇਕ ਦੂਸਰੇ ਦਾ ਸਾਥ ਨਿਭਾਉਣਗੇ। ਇਹ ਮਾਰਗ, ਕਰਮ-ਪ੍ਰੇਮ-ਵੈਰਾਗ ਤੋਂ ਹੁੰਦਾ ਹੋਇਆ ਆਪਣੀ ਅੰਤਿਮ ਮੰਜ਼ਿਲ ਸਹਿਜ ਅਨੰਦ ਤੱਕ ਪੁੱਜਦਾ ਹੈ। ਕਰਮ ਬੀਜ ਹੈ ਬੀਜ ਦਾ ਸੁਭਾਉ ਹੈ ਕਿ ਉਹ ਆਪਣੀ ਹੋਂਦ ਮਿਟਾ ਕੇ ਮਿੱਟੀ ਵਿੱਚ ਮਿਲ ਜਾਂਦਾ ਹੈ ਅਤੇ ਬਿਰਖ ਦਾ ਰੂਪ ਧਾਰਦਾ ਹੈ।

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥

(ਮਹਲਾ 5 ਪੰਨਾ 78)

ਕਰਮ ਕਰਦਿਆਂ ਸਾਧਕ ਦੇ ਮਨ ਵਿੱਚ ਆਪਣੇ ਪਿਆਰੇ ਲਈ ਪ੍ਰੀਤ ਅੰਕੁਰਿਤ ਹੁੰਦੀ ਹੈ ਆਪਣੇ ਪਿਆਰੇ ਨਾਲ ਜੋ ਨੇਹੁ ਹੈ, ਪ੍ਰੀਤ ਹੈ ਉਸ ਦਾ ਅਨੰਦ ਵੀ ਅਕੱਥਨੀਯ ਹੈ :-

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਸੁ ਰਸੁ ਪੀਅਉ ਭਾਰੀ
ਤਾ ਕੀ ਕੀਮਤ ਕਹਣੁ ਨ ਜਾਈ ਕੁਦਰਤਿ ਕਵਣ ਹਮਾਰੀ ॥

(ਮਹਲਾ 5 ਪੰਨਾ 702)

ਪ੍ਰੀਤ ਕੈਸੀ ਚਾਹੀਦੀ ਹੈ ਉਸ ਦੀ ਵਿਆਖਿਆ ਵੀ ਗੁਰਬਾਣੀ ਵਿਚੋਂ ਹੀ ਮਿਲਦੀ ਹੈ

ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥

(ਮਹਲਾ 5 ਪੰਨਾ 708)

ਪਰ ਕੁਦਰਤ ਦਾ ਵਿਧਾਨ ਹੈ ਕਿ ਜੇ ਦਿਨ ਹੈ ਤਾਂ ਰਾਤ ਵੀ ਹੈ, ਸੁੱਖ ਹੈ ਤਾਂ ਦੁੱਖ ਵੀ ਹੈ ਜਿਥੇ ਪ੍ਰੀਤ ਹੈ ਉਥੇ ਸੰਯੋਗ ਹੈ ਤਾਂ ਵਿਯੋਗ ਵੀ ਹੈ। ਬਿਰਹਾ ਨਾਲ, ਵਿਛੋੜੇ ਨਾਲ ਪ੍ਰੀਤ ਦੀ ਗੰਡ ਹੋਰ ਪੀਡੀ ਹੁੰਦੀ ਹੈ। ਫਰੀਦ ਸਾਹਿਬ ਦਾ ਕਥਨ ਹੈ :

ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ

ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਜੇ ਸਹਿਜ ਸੁਭਾਏ ਉਸ ਅਕਾਲ ਪੁਰਖ ਦੀ ਪ੍ਰਾਪਤੀ ਕਰਨੀ ਹੈ ਤਾਂ ਸਤਿਗੁਰੂ ਦੀ ਸਰਨ ਜਾਹ ਨਿਸ਼ਕਾਮ ਹੋ ਕੇ ਕਰਮ ਕਰ ਅਤੇ ਫਿਰ ਤੇਰੇ ਮਨ ਵਿੱਚ ਵੈਰਾਗ ਉਤਪਨ ਹੋਏਗਾ ਅਤੇ ਉਸ ਪਿਆਰੇ ਨੂੰ ਮਿਲਣ ਦੀ ਪਰਬਲ ਇਛਾ ਤੇਰੇ ਮਨ ਵਿਚ ਪੈਦਾ ਹੋਵੇਗੀ ਅਤੇ ਉਸ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਵੇਗੀ :

ਜੇ ਲੋਚੈ ਸਭੁ ਕੋਇ ਵਣਾਹੰਬੈ ॥
ਕਰਮ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ
ਸਹਜੇ ਪਾਵੈ ਸੋਇ ਵਣਾਹੰਬੈ ॥

(ਪੰਨਾ 1104)

ਸਾਹਿਬ ਗੁਰੂ ਅਮਰਦਾਸ ਜੀ ਇਸ ਅਨੰਦ ਦਾ ਵਰਨਣ ਕਰਦੇ ਹਨ :

ਜਾਣਿਆ ਆਨੰਦ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦ ਸਚੈ ਸਵਾਰਿਆ ॥
ਕਹੈ ਨਾਨਕ ਏਹੁ ਅਨੰਦੁ ਹੈ ਅਨੰਦੁ ਗੁਰ ਤੇ ਜਾਣਿਆ ॥

ਅ. ਸ. ਲਾਇਲ
ਸ੍ਰੀ ਭੈਣੀ ਸਾਹਿਬ

✻✻✻✻✻



ਮੈਂ ਅੱਜ ਥੋੜੇ ਜਿਹੇ ਸ਼ਬਦ ਤੁਹਾਨੂੰ ਗ੍ਰਹਿਸਤ ਮਾਮਲੇ ਉਤੇ ਕੁਝ ਅਰਜ ਕਰਨੀ ਚਾਹੁੰਦਾ ਹਾਂ।

ਬ੍ਰਹਮਚਾਰੀ ਕੈਸਾ ਹੋਵੇ

ਚਾਰ ਹਿੱਸੇ ਸਾਡਿਆਂ ਮਹਾਂਪੁਰਸ਼ਾਂ ਨੇ ਸਾਡੀ ਜ਼ਿੰਦਗੀ ਦੇ ਬਣਾਏ ਹਨ। ਪਹਿਲਾ ਹਿੱਸਾ ਹੈ ਹ੍ਰਹਮਚਾਰੀ। ਬ੍ਰਹਮਚਾਰੀ ਕੈਸਾ ਹੋਵੇ - ਜਿਹੜਾ ਜ਼ਬਾਨ ਨਾਲ ਕਦੇ ਐਸੇ ਸ਼ਬਦ ਨਾ ਕਹੇ - ਕ੍ਰੋਧ ਨਾ ਆਵੇ - ਕਾਮ ਨਾ ਜਿਨ੍ਹਾਂ ਨਾਲ ਆਵੇ - ਲਾਲਚ ਨਾ ਜਿਨ੍ਹਾਂ ਨਾਲ ਪੈਦਾ ਹੋਵੇ - ਕਿਸੇ ਚੀਜ਼ ਨਾਲ ਮੋਹ ਨਾ ਪੈਦਾ ਹੋਵੇ - ਕਿਸੇ ਚੀਜ਼ ਦਾ ਲੋਭ ਨਾ ਚਿਤ ਵਿੱਚ ਆਵੇ।

25 ਸਾਲ ਦੀ ਉਮਰ ਤਕ ਮਾਲਸ਼ ਨਹੀਂ ਕਰਨੀ ਕਿਉਂਕਿ ਚਮਕ ਨਾ ਆਵੇ ਸਰੀਰ ਵਿੱਚ। ਖਾਵੇ ਬੇਸ਼ਕ, ਲੜਕਾ ਕਸਰਤ ਬੇਸ਼ਕ ਕਰੇ, ਗਤਕਾ ਖੇਡੇ, ਘੁਲੇ, ਲੇਕਿਨ ਮਾਲਸ਼ ਨਾ ਕਰੇ। ਕਦੇ ਇਹ ਨਾ ਹੋਵੇ ਕਿ ਪਿੰਡਾ ਚਮਕਦਾ ਹੈ; ਕੋਈ ਦੇਖੇ ਇਹਦੇ ਵੱਲ-ਬ੍ਰਹਮਚਾਰੀ ਦੇ ਨਿਯਮ।

ਜਿਤਨਾ ਚਿਰ ਉਸੇ ਹਿੰਦੁਸਤਾਨ ਦੀ, ਉਸੇ ਹੀ ਭਾਰਤ ਵਰਸ਼ ਦੀ ਸਭਿਅਤਾ ਨੂੰ ਅਸੀਂ ਨਾ ਅਪਣਾਵਾਂਗੇ, ਉਨਾਂ ਚਿਰ ਕਦੇ ਵੀ ਦੁਨੀਆਂ ਵਿੱਚ ਅਮਨ ਔਰ ਸ਼ਾਂਤੀ ਨਹੀਂ ਹੋ ਸਕਦੀ। ਭਾਵੇਂ ਕੋਈ ਕੁਛ ਕਰੇ। ਕਿਉਂਕਿ ਧਰਮ ਨੇ ਇਹ ਗੱਲ ਦੱਸਣੀ ਹੈ। ਧਰਮ ਤੋਂ ਇਹ ਪਤਾ ਲੱਗਣਾ ਹੈ ਕਿ ਕਿਸੇ ਦੀ ਚੀਜ਼ ਨੂੰ ਨਾ ਛੇੜੇ, ਬਗਾਨੀ ਅੰਸ ਦਾ ਤਿਆਗ ਕਰੋ। ਫਿਰ ਕਿਉਂ ਰੌਲਾ ਪਊ, ਜਦੋਂ ਮੇਰੇ ਚਿਤ ਵਿੱਚ ਇਹ ਚੀਜ਼ ਹੀ ਨਾ ਹੋਊ ਕਿ ਮੈਂ ਕਿਸੇ ਦੀ ਚੀਜ਼ ਛੇੜਨੀ ਹੈ। ਜੇ ਸਾਰਿਆਂ ਨੂੰ ਇਹੋ ਗਿਆਨ ਹੋ ਜਾਏ, ਕੋਈ ਨਾ ਛੇੜੇ, ਆਪੋ ਆਪਣੇ ਥਾਂ ਖੜੇ ਕਰਨ।

ਕਿਉਂ - ਕਿਸੇ ਦੀ ਕੀ ਜ਼ਰੂਰਤ ਹੈ। ਕੀ ਐਟਮ ਬੰਬਾਂ ਦੀ ਜ਼ਰੂਰਤ ਹੈ ? ਹਾਈਡਰੋਜਨ ਦੀ ਕਿਆ ਲੋੜ ਹੈ ? ਸਾਰੇ ਇੱਕ ਵੇਰ ਸਮੁੰਦਰ 'ਚ ਸੁੱਟੇ ਜਾਣ। ਧਰਮ ਉਤੇ ਖੜੇ ਹੋ ਜਾਉ।

ਸਾਧ ਨਾਮ ਨਿਰਮਲ ਤਾ ਕੇ ਕਰਮ ॥

(ਗਉੜੀ ਮ. 5, ਪੰਨਾ-296)

ਜਿਸਦੇ ਕਰਮਾਂ 'ਚ ਮੈਲ ਨਹੀਂ ਹੈ, ਉਹ ਸਾਧ ਹੈ - ਨਾ ਭਗਵਿਆਂ ਵਾਲਾ - ਨਾ ਚਿੱਟਿਆਂ ਵਾਲਾ - ਨਾ ਮਾਲਾ ਵਾਲਾ - ਨਾ ਕਿਰਪਾਨ ਵਾਲਾ। ਇੱਥੇ ਰੌਲਾ ਹੀ ਨਹੀਂ। ਤਾਂ ਪਹਿਲਾਂ ਹਿੱਸਾ ਸੀ ਇਸਦਾ ਕਿ ਇਹ ਬ੍ਰਹਮਚਾਰੀ ਹੋਵੇ। ਪਰ ਇਹ ਬਣੇ ਬ੍ਰਹਮਚਾਰੀ ਕਿਸ ਤਰ੍ਹਾਂ ? ਇਹਨੂੰ ਬਣਾਵੇ ਕੌਣ ? ਇਹਨੂੰ ਸਿੱਖਿਆ ਕਿੱਥੋਂ ਮਿਲੇ ?

ਉਹ ਮਹਾਂਪੁਰਸ਼, ਉਹ ਸਾਡੀਆਂ ਮਾਤਾਵਾਂ - ਉਹ ਗਾਰਗੀ ਜੈਸੀ ਮਾਤਾ, ਅਨਸੂਯਾ ਜੈਸੀ ਮਾਤਾ ਆਪਣੇ ਤੱਪ ਦੇ ਬਲ ਵਾਲੀਆਂ ਉਹ ਮਾਤਾਵਾਂ ਜਿਨ੍ਹਾਂ ਵਿੱਚ ਇਹ ਤਾਕਤ ਸੀ।

ਉਹਨਾਂ ਆਖਿਆ - ਤੇਰਾ ਪਤੀ ਸੂਰਜ ਚੜ੍ਹਦਿਆਂ ਮਰ ਜਾਣਾ ਹੈ। ਉਹਨੇ ਆਖਿਆ ਮੈਂ ਸੂਰਜ ਹੀ ਨਹੀਂ ਚੜ੍ਹਨ ਦੇਣਾ। ਸ੍ਰਿਸ਼ਟੀ ਤੇ ਹਨੇਰਾ ਹੋ ਗਿਆ। ਸਾਡੀਓ ਬੀਬੀਓ, ਮਾਈਓ, ਭੈਣੋਂ, ਤੁਸੀਂ ਵੀ ਉਹੋ ਜਹੀਆਂ ਹੋ ਸਕਦੀਆਂ ਹੋ ਅਗਰ ਤੁਸੀਂ ਆਪਣੇ ਆਚਰਨ ਨੂੰ ਉੱਚਾ ਕਰੋ। ਜਿਹੜਾ ਰਾਵਣ ਸੀਤਾ ਨੂੰ ਚੁੱਕ ਕੇ ਲਿਜਾ ਸਕਦਾ ਹੈ, ਸਤਿ ਨਹੀਂ ਭੰਗ ਕਰ ਸਕਦਾ। ਉਸ ਦੇ ਸਤਿ ਦਾ ਬਲ ਸੀ, ਉਥੇ ਆ ਕੇ, ਉਸ ਦੇ ਤਪ ਦੇ ਅੱਗੇ ਆ ਕੇ- ਉਹ ਖਲੋ ਕੇ ਗੱਲ ਨਹੀਂ ਸੀ ਕਰ ਸਕਦਾ।

ਗ੍ਰਹਿਸਤ ਧਰਮ

ਦੂਸਰਾ ਹਿੱਸਾ 25 ਸਾਲ ਦੀ ਉਮਰ ਤੱਕ ਬੱਚਿਆਂ ਨੇ ਆਸ਼ਰਮ ਵਿੱਚ ਪੜ੍ਹਨਾ, ਤੇ ਪੜ੍ਹਨਾ ਕਿਨ੍ਹਾਂ ਕੋਲ - ਉਹ ਨੇ ਚੌਥੇ ਦਰਜੇ ਦੇ ਆਦਮੀ। ਸਾਡਾ ਇੱਕ ਹਿੱਸਾ ਚੌਥਾ - ਪਹਿਲਾ ਬ੍ਰਹਮਚਾਰੀ ਦਾ, ਜਿਸਦੇ ਵਿੱਚ ਇਸਦਾ ਸਰੀਰ ਬਣ ਜਾਏ। 25 ਸਾਲ ਦੀ ਉਮਰ ਤੱਕ ਪਹੁੰਚ ਜਾਏ। ਸੌ ਵਰ੍ਹਾ ਅੱਜ ਅਸੀਂ ਗਿਣਦੇ ਹਾਂ। 22-24 ਦਾ ਹੋ ਜਾਏ, ਹੱਡ ਜਿੱਦਣ ਨੂੰ ਪੱਕੇ ਹੋ ਜਾਣੇ ਹਨ। ਉਹਨਾਂ ਲਈ 12 ਵਰ੍ਹਿਆਂ ਦੇ ਨੂੰ ਹੀ, ਪਹਿਲਾਂ ਅੱਵਲ ਤੇ ਵੱਡਿਆਂ ਆਦਮੀਆਂ ਦੇ ਤਾਂ ਲੜਕੇ ਜੰਮਦੇ ਨੇ, ਉਦਣ ਹੀ ਉਹਨਾਂ ਦੇ ਮੂੰਹ ਨੂੰ ਲੋਕ ਛੁਹਾਰੇ ਲਾਉਣ ਚਲੇ ਜਾਂਦੇ ਹਨ। ਮੈਨੂੰ ਦੁੱਖ ਲਗਦਾ ਹੈ, ਜਦੋਂ ਮੈਂ ਜੁਆਨ ਲੜਕੀਆਂ- ਲੜਕਿਆਂ ਨੂੰ ਦੇਖਦਾ ਹਾਂ - ਦਸ ਸਾਲ ਤੋਂ ਉਤੇ ਤੇ ਵੀਹ ਸਾਲ ਦੇ ਅੰਦਰ, ਤਾਂ ਮੈਨੂੰ ਚਿਹਰੇ ਤੇ ਲਾਲੀ ਨਹੀਂ ਦਿਸਦੀ। ਕੋਈ ਰੰਗ ਲਾ ਕੇ ਭਾਵੇਂ ਕਰ ਲਏ, ਨਹੁੰਆਂ ਨੂੰ ਰੰਗ ਲਾਵੇ ਲੇਕਿਨ ਵਿੱਚ ਲਾਲੀ ਕਿਉਂ ਨਹੀਂ ਰਹਿ ਗਈ।

ਗੁਰੂ ਜੀ ਨੇ ਲਿਖਿਆ ਹੈ -

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥

(ਪੰਨਾ-932)

ਕਾਮ ਔਰ ਕ੍ਰੋਧ ਦੋ ਚੀਜ਼ਾਂ ਸਰੀਰ ਨੂੰ ਗਾਲਦੀਆਂ ਹਨ, ਜਿਸ ਤਰ੍ਹਾਂ ਸੁਹਾਗੇ ਨੂੰ ਪਾਈਏ ਨਾ ਜਿੰਨਾ ਚਿਰ, ਭਾਵੇਂ ਕਿੰਨੀ ਅੱਗ ਦੇਈ ਜਾਈਏ ਸੋਨੇ ਨੂੰ, ਜੇ ਉਤੇ ਸੁਹਾਗਾ ਪਾ ਦੇਈਏ ਤਾਂ ਢਲ ਜਾਂਦਾ ਹੈ। ਬ੍ਰਹਮਚਾਰੀ ਬਣੇ, 25 ਸਾਲ ਤੱਕ, ਫਿਰ ਉਹ ਗ੍ਰਹਿਸਤੀ ਬਣੇ। ਗ੍ਰਹਿਸਤ ਧਰਮ ਦੀ ਕੋਈ ਸਿੱਖਿਆ ਨਹੀਂ ਅੱਜ ਦਿੰਦਾ, ਕਿ ਗ੍ਰਹਿਸਤ ਧਰਮ ਕਿਆ ਚੀਜ਼ ਹੈ। ਗ੍ਰਹਿਸਤੀ ਕਿਸਦਾ ਨਾਮ ਹੈ। ਫੇਰ ਜਦੋਂ 50 ਸਾਲ ਦਾ ਗ੍ਰਹਿਸਤੀ ਹੋ ਗਿਆ, ਬੱਚਾ 20-22 ਸਾਲ ਦਾ ਹੋ ਗਿਆ, ਛੱਡਕੇ ਬਾਣ ਪ੍ਰਸਤ ਹੋ ਗਏ, ਮਾਂ ਪਿਓ, ਦੋਨੋਂ ਹੀ ਨਿਕਲ ਗਏ ਬਾਹਰ। ਤੀਰਥਾਂ ਦਾ ਭ੍ਰਮਣ ਕੀਤਾ, ਦੇਸ ਦਿਸੰਤਰ ਦੇਖੇ, ਸਾਰੀ ਦੁਨੀਆਂ ਦੇਖੀ, ਕਿਆ ਸ੍ਰਿਸ਼ਟੀ 'ਚ ਹੈ। ਜਿਸ ਦਿਨ ਉਹ 75 ਸਾਲ ਦਾ ਹੋ ਗਿਆ, ਤਿੰਨ ਅਵਸਥਾ ਭੋਗ ਕੇ, ਫਿਰ ਉਹ ਬਣਿਆ ਸਾਧੂ, ਸੰਨਿਆਸੀ ਕਹਿ ਲਓ, ਸਿੱਖ ਕਹਿ ਲਓ, ਕੁਝ ਕਹਿ

ਲਓ । ਉਹ ਬੈਠਾ ਕਿਸੇ ਡੇਰੇ 'ਚ, ਧਰਮਸ਼ਾਲਾ 'ਚ, ਜਾਂ ਗੁਰਦੁਆਰੇ 'ਚ ਜਾਂ ਮਸੀਤ, ਕੁਛ ਕਹੋ । ਜਿਸ ਆਦਮੀ ਦਾ 75 ਸਾਲ ਦੀ ਉਮਰ ਦਾ ਆਪਣਾ ਤਜਰਬਾ ਹੈ, ਉਸ ਦੀ ਉਮਰ ਬਿਰਧ ਹੋ ਗਈ ਹੈ; ਉਹ ਤੁਰਦਾ ਹੌਲੀ ਹੈ, ਉਹ ਗੱਲ ਹੌਲੀ ਕਰਦਾ ਹੈ; ਉਸ ਨੇ ਬੜਾ ਕੁਛ ਦੇਖਿਆ ਹੈ; ਉਹਨੂੰ ਪਤਾ ਹੈ ਕਿ ਐਹ ਕੰਮ ਮਾੜੇ ਹਨ । ਜਿਹੜੇ ਬੱਚੇ ਉਹਦੇ ਕੋਲ ਬੈਠਣ - ਬੱਚੇ ਦਾ ਕੰਮ ਹੈ - ਹਿਤੋਪਦੇਸ਼ ਦੇ ਵਿੱਚ ਲਿਖਿਆ ਹੈ -

ਯਕ ਨਵੇਂ ਭਾਂਜਨੇ ਲਗਨੇ ਸੰਸਕਾਰੋ ਨਾ ਅਨਥਾ ਭਵੇਤ ।

ਜਿਸ ਤਰ੍ਹਾਂ ਕੱਚਾ ਮਿੱਟੀ ਦਾ ਭਾਂਡਾ ਘੁਮਿਆਰ ਬਣਾ ਕੇ, ਉਹਦੇ ਤੇ ਲੀਕਾਂ ਖਿੱਚ ਦਿੰਦਾ ਹੈ । ਆਵੀ 'ਚ ਪੈਣ ਤੋਂ ਪਹਿਲਾਂ, ਫਿਰ ਉਹ ਆਵੀ 'ਚ ਜਦੋਂ ਜਾ ਪਾਵੇ, ਉਸ ਦੀਆਂ ਲੀਕਾਂ ਨਹੀਂ ਮਿਟਦੀਆਂ । ਇਸੇ ਤਰ੍ਹਾਂ ਹੀ ਬੱਚੇ ਨੂੰ ਜੋ ਮਾਂ ਪਿਓ ਦੀ ਹਰਕਤ, ਜੋ ਪੜ੍ਹਾਉਣ ਵਾਲਿਆ ਦੀ ਹਰਕਤ, ਜੋ ਲੋਕਾਂ ਦੀ ਹਰਕਤ ਬੱਚਾ ਦੇਖਦਾ ਹੈ । ਹੁਣ ਇਹ ਮੁਲਕ ਕੈਸਾ ਸੀ, ਜਿਹਦੇ ਵਿੱਚ ਕੈਸੇ ਸਾਧੂ ਸਨ ਕਿ ਜਦੋਂ ਉਹ ਮੱਠਾਂ 'ਚ ਚਲੇ ਜਾਂਦੇ ਸਨ । ਅੱਜ ਵਾਲਾ ਇਹ ਹਾਲ ਨਹੀਂ ਸੀ, ਬਈ, ਉਹ ਸਿਗਰਟਾਂ ਵੀ ਪੀਂਦੇ ਫਿਰਨ ਤੇ ਸਿਨੇਮੇ ਵੀ ਦੇਖਦੇ ਫਿਰਨ । ਹਾਲਾਤ ਇੱਥੇ ਭੀ ਨਹੀਂ ਅੱਛਾ ਰਿਹਾ । ਤਾਂ ਬੱਚੇ ਰਹਿੰਦੇ ਸਨ ਆਸ਼ਰਮ ਵਿੱਚ । ਉਥੇ ਰਹਿੰਦੇ ਸਨ ਮਹਾਂਪੁਰਸ਼-ਵਸ਼ਿਸ਼ਟ ਜੀ ਜੈਸੇ - ਦੁਰਬਾਸ਼ਾ ਜੀ ਜੈਸੇ - ਪੁਰਾਣੇ ਸਾਧੂ 75 ਸਾਲ ਦੀ ਉਮਰ ਦੇ । ਉਹਨਾਂ ਨੇ ਉਠਣਾਂ, ਆਪਣਾ ਕਰਮ ਧਰਮ ਕਰਨਾ । ਬੱਚਿਆਂ ਉਹਨਾਂ ਨੂੰ ਵੇਖਕੇ ਇਸ਼ਨਾਨ ਕਰਨਾ, ਨਾਮ ਜਪਣਾ, ਬਾਣੀ ਪੜ੍ਹਨੀ । ਉਹਨਾਂ ਤੋਂ ਸਿੱਖਿਆ ਇਹ ਮਿਲਣੀ - ਬਈ, ਇਹ ਸਭ ਝੂਠ ਹੈ, ਇਹ ਬੁਰੀਆਂ ਚੀਜ਼ਾਂ ਹਨ ।

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥

(ਪੰਨਾ-1379)

ਇਹ ਖੰਡ ਨਾਲ ਲਿੱਬੜੀਆਂ ਸ਼ੂਗਰ ਕੋਟਡ ਕੁਨੀਨ ਹਨ । ਉਤੋਂ ਮਿੱਠੀ ਲਗਦੀ ਹੈ, ਵਿੱਚੋਂ ਬੜੀ ਕੌੜੀ ਹੈ । ਉਹਨਾਂ ਨੂੰ ਇਹ ਗਿਆਨ ਹੁੰਦਾ ਸੀ । ਉਸ ਗਿਆਨ ਦਾ ਨਤੀਜਾ ਕੀ ਹੁੰਦਾ ਸੀ - ਜਿਨ੍ਹਾਂ ਚੀਜ਼ਾਂ ਨੂੰ ਅੱਜ ਅਸੀਂ ਚੰਗੀਆਂ ਕਰ ਕੇ ਮੰਨਦੇ ਹਾਂ, ਇਹਨਾਂ ਨੂੰ ਉਹ ਬੁਰੀਆਂ ਜਾਣਦੇ ਸਨ । ਇਸ ਬੁਰੀਆਂ ਜਾਨਣ ਦੇ ਨਤੀਜੇ ਤੋਂ, ਉਹਨਾਂ ਨੂੰ ਇਹ ਪਤਾ ਹੀ ਨਹੀਂ ਸੀ ਹੁੰਦਾ ਕਿ ਵਿਆਹ ਕੀ ਹੈ । ਉਹਨਾਂ ਨੂੰ ਨਹੀਂ ਸੀ ਪਤਾ ਇਸਤ੍ਰੀ ਕਿਆ ਚੀਜ਼ ਹੈ । ਜਿਸ ਦਿਨ ਉਹ 25 ਸਾਲ ਦੇ ਹੋ ਜਾਂਦੇ ਫਿਰ ਉਹੋ ਹੀ ਮਹਾਤਮਾ ਪਿਛਲੇ ਸਾਲ, ਛੇ ਮਹੀਨਿਆਂ ਵਿੱਚ ਉਹਨਾਂ ਬੱਚਿਆਂ ਨੂੰ ਆਸ਼ਰਮ ਵਿੱਚ ਸਿੱਖਿਆ ਦੇਂਦੇ, ਗ੍ਰਹਿਸਤ ਧਰਮ ਦੀ - ਕਿ ਗ੍ਰਹਿਸਤ ਧਰਮ ਕੈਸੀ ਚੀਜ਼ ਹੈ - ਗ੍ਰਹਿਸਤ ਧਰਮ ਵਿੱਚ ਕਿਸ ਤਰ੍ਹਾਂ ਸੰਗ ਆਪਣੀ ਪਤਨੀ ਨਾਲ ਕਰਨਾ ਹੈ - ਗ੍ਰਹਿਸਤ ਧਰਮ ਵਿੱਚ ਕੀ ਖਾਣਾ ਹੈ - ਕਿਸ ਵਕਤ ਦਾ ਸੰਗ ਹੋਣਾ ਚਾਹੀਦਾ ਹੈ - ਕਿਸ ਤਰ੍ਹਾਂ ਦੀ ਔਲਾਦ ਪੈਦਾ ਕਰਨੀ ਹੈ ।

ਫਿਰ ਉਹ ਮਾਈਆਂ ਨੂੰ ਵੀ ਸਿੱਖਿਆ ਮਿਲਦੀ ਸੀ । ਪੜ੍ਹਕੇ ਦੇਖੋ ਕਿ ਮਾਤਾ ਕੁੰਤੀ ਜੀ ਜਿਸ ਅੰਦਰ ਰਹਿੰਦੇ ਸਨ, ਜਦੋਂ ਬੱਚੇ ਪੈਦਾ ਹੋਣ ਵਾਲੇ ਸਨ - ਜਾਂ ਸੂਰਮਿਆਂ ਦੀਆਂ

ਤਸਵੀਰਾਂ ਸਨ, ਜਾਂ ਰਿਸ਼ੀਆਂ ਦੀਆਂ, ਜਾਂ ਉਥੇ ਸ਼ਸਤ੍ਰ ਸਨ । ਹੁਣ ਜਿਹੜੀ ਅੱਜ ਸਿਨਮੇ 'ਚ ਜਾਂਦੀ ਹੈ, ਜਿਸਦੇ ਪੇਟ 'ਚ ਬੱਚਾ ਹੈ, ਜਿਹੜਾ ਉਥੇ ਕੁਝ ਦੇਖਦੀ ਹੈ, ਬੱਚੇ ਨੇ ਜੰਮਦਿਆਂ ਉਹੋ ਹੀ ਕੰਮ ਸ਼ੁਰੂ ਕਰਨਾ ਹੈ । ਉਹ ਸੂਰਮੇ ਬੱਚੇ ਪੈਦਾ ਹੁੰਦੇ ਸਨ । ਦੇਖੋ ਕਿਤਨੀ ਕਿਤਨੀ ਵੱਡੀ ਸਾਡੇ ਮੁਲਕ ਦੀ ਕੁਰਬਾਨੀ ਹੈ । ਕਿਸ ਤਰ੍ਹਾਂ ਉਹਨਾਂ ਲੋਕਾਂ ਨੇ ਇਹ ਕੁਝ ਕੀਤਾ ।

ਅਰਜਨ ਜਿਸ ਵੇਲੇ ਵਿੱਦਿਆ ਬਾਣਾਂ ਦੀ ਸਿੱਖਣ ਲੱਗਿਆ, ਉਸ ਨੂੰ ਉਪਦੇਸ਼ ਮਿਲਿਆ - ਵਿਆਹਿਆ ਹੋਇਆ ਸੀ - ਕਿ ਤੂੰ ਇੱਕ ਸਾਲ ਭਰ ਆਪਣੀ ਇਸਤ੍ਰੀ ਦੇ ਪੱਲੇ ਨਾਲ ਪੱਲਾ ਗੰਢ ਕੇ, ਇੱਕ ਕਪੜੇ 'ਚ ਰਹਿਣਾ ਹੈ, ਔਰ ਇੱਕ ਜਗ੍ਹਾ ਸੌਣਾ ਹੈ ਪਰ ਮਨ ਨਹੀਂ ਚਲਣ ਦੇਣਾ ਆਪਣੀ ਇਸਤ੍ਰੀ ਵੱਲ, ਤਾਂ ਤੂੰ ਇਸ ਵਿੱਦਿਆ 'ਚ ਪਰਪੱਕ ਹੋਵੇਂਗਾ । ਉਹਨਾਂ ਮਹਾਂਪੁਰਖਾਂ ਨੇ ਐਸੇ ਪ੍ਰਣ ਨਿਭਾਏ ।

ਗ੍ਰਹਿਸਤ ਧਰਮ ਦੀ ਵਿੱਦਿਆ ਦੱਸੀ ਗਈ, ਮਾਈਆਂ ਨੂੰ ਵੀ ਦੱਸਿਆ ਗਿਆ ਕਿ ਉਹਨਾਂ ਦਾ ਕੰਮ ਇਹੋ ਹੈ ਕਿ ਉਹ ਔਲਾਦ ਅੱਛੀ ਪੈਦਾ ਕਰਨ, ਉਹਨਾਂ ਨੂੰ ਤਿਆਰ ਕਰਨ, ਬੱਚਿਆਂ ਨੂੰ । ਇਹ ਥੋੜ੍ਹਾ ਜਿਹਾ ਕੰਮ ਹੈ ਮਾਈਆਂ ਦਾ ਕਿ ਬੱਚੇ ਉਹਨਾਂ ਦੇ ਭਗਤ, ਦਾਤੇ ਔਰ ਸੂਰਮੇ ਪੈਦਾ ਹੋਣ - ਮਨੀ ਸਿੰਘ ਜੈਸੇ ਪੈਦਾ ਹੋਣ - ਹਕੀਕਤ ਰਾਏ ਜੈਸੇ ਪੈਦਾ ਹੋਣ - ਹੀਰਾ ਸਿੰਘ ਹੁਰਾਂ ਜੈਸੇ ਪੈਦਾ ਹੋਣ ।

ਤੁਸੀਂ ਦੁਨੀਆਂ 'ਚ ਵਸਣਾ ਹੈ । ਤੁਸਾਂ ਬੰਦੇ ਬਣਨਾਂ ਹੈ । ਅਗਰ ਮਾਈਆਂ ਸਾਡੀਆਂ, ਅਗਰ ਸਾਡੇ ਭਰਾ, ਇਸ ਗ੍ਰਹਿਸਤ ਧਰਮ ਦਾ ਧਿਆਨ ਨਾ ਦੇਣਗੇ ਤਾਂ ਤਬਾਹ ਹੋ ਜਾਣਗੇ ਕਿਸੇ ਦਿਨ ਨੂੰ । ਪੈਸਿਆਂ ਨੇ ਕੁਛ ਨਹੀਂ ਬਣਾਉਣਾ । ਇੱਕ ਆਦਮੀ ਦੇ ਘਰ ਪੰਜ ਕਰੋੜ ਰੁਪਈਆ ਪਿਆ ਹੈ, ਉਠਕੇ ਪਾਣੀ ਨਹੀਂ ਪੀ ਸਕਦਾ । ਦੱਸੋ, ਕੀ ਫਾਇਦਾ ਹੈ । ਹੱਡੀ ਨਹੀਂ ਤਿਆਰ ਹੁੰਦੀ ਪੂਰੀ ਓਦਣ ਨੂੰ । ਸੱਤ ਚੀਜ਼ਾ ਦਾ, ਸਪਤ ਧਾਂਤਾਂ ਹਨ ਸਰੀਰ ਵਿੱਚ । ਜਿੰਨਾਂ ਚਿਰ ਸੱਤੇ ਧਾਂਤਾਂ ਪੂਰੀਆਂ ਕਾਇਮ ਨਾ ਹੋ ਜਾਣ, ਉਸ ਤੋਂ ਪਹਿਲੇ ਅਗਰ ਉਹ ਪੁਰਸ਼ ਗ੍ਰਹਿਸਤੀ ਬਣ ਜਾਂਦਾ ਹੈ, ਅਗਰ ਉਹਦਾ ਵਿਆਹ ਹੋ ਕੇ ਘਰ ਚਲਾ ਜਾਂਦਾ ਹੈ, ਤਾਂ ਉਹ ਨਸ਼ਟ ਕਰ ਦਿੰਦਾ ਹੈ ਆਪਣੇ ਆਪ ਨੂੰ । ਇਨ੍ਹਾਂ ਚੀਜ਼ਾਂ ਵੱਲ ਧਿਆਨ ਦੀ ਲੋੜ ਹੈ ਔਰ ਗ੍ਰਹਿਸਤ ਧਰਮ ਨੂੰ ਪੜ੍ਹਨ ਦੀ ਲੋੜ ਹੈ - ਕਿਆ ਗ੍ਰਹਿਸਤ ਧਰਮ ਹੈ - ਗ੍ਰਹਿਸਤੀ ਦਾ ਕੈਸਾ ਧਰਮ ਹੈ - ਗ੍ਰਹਿਸਤੀ ਕਿਸ ਤਰ੍ਹਾਂ ਹੈ । ਸਾਡੇ ਮਹਾਂਪੁਰਸ਼ - ਅਸੀਂ ਹੁਣ ਮਾਤਾ ਜੀ ਨੂੰ ਦੇਖਦੇ ਸਾਂ - ਮੇਰੇ ਮਾਮਾ ਜੀ ਇੱਕੋ ਸਨ, ਦੋ ਮਾਤਾ ਸਨ, ਸਾਰਿਆਂ ਦਾ ਚਾਰ-ਚਾਰ ਸਾਲ ਦਾ ਫਰਕ ਸੀ । ਗੁਰੂ ਹਰੀ ਸਿੰਘ ਜੀ ਦਾ, ਸਤਿਗੁਰੂ ਰਾਮ ਸਿੰਘ ਜੀ ਦਾ ਚਾਰ ਪੰਜ ਸਾਲ, ਇੱਕ ਬੇਬੇ ਦੋ ਭੈਣਾਂ ਸਨ, ਸਭ ਦਾ ਚਾਰ ਪੰਜ ਸਾਲ ਦਾ ਫਰਕ ਸੀ । ਨਿਯਮ ਸੀ ਉਦੋਂ ਲੋਕਾਂ ਦਾ, ਬਈ, ਜਿੰਨਾਂ ਚਿਰ ਬੱਚਾ ਦੁੱਧ ਚੁੰਘਦਾ ਹੈ, ਜਿੰਨਾਂ ਚਿਰ ਮਾਤਾ ਦੇ ਕੋਲ ਬੱਚਾ ਹੈ - ਉਨ੍ਹਾਂ ਚਿਰ ਕਦੇ ਪਤੀ ਮਾਤਾ ਦੇ ਨਾਲ ਟੱਚ ਨਹੀਂ ਸੀ ਕਰਦਾ, ਅੰਗ ਨਹੀਂ ਸੀ ਛੁਹਾਉਂਦਾ ।

ਉਹਦੇ ਨਾਲ ਕਦੇ ਐਸੀ ਗੱਲ ਨਹੀਂ ਸੀ ਕਰਦਾ ਜਿਹੜੀ ਬੱਚੇ ਦੀ ਭਾਵਨਾ 'ਚ ਆਵੇ । ਭਾਵੇਂ ਤੁਸੀਂ ਤਿੰਨ ਮਹੀਨੇ ਦੇ ਬੱਚੇ ਨੂੰ ਮੰਨ ਲਓ, ਪਏ ਨੂੰ ਮੰਜੀ ਤੇ, ਉਹ ਉਸ ਵਕਤ ਵੀ ਦੇਖਦਾ ਹੈ, ਔਰ ਉਹਦੇ 'ਚ ਉਹ ਚੀਜ਼ਾਂ ਆਉਂਦੀਆਂ ਹਨ । ਉਹ ਹਰਕਤਾਂ ਵਧਦੀਆਂ ਹਨ। ਸਾਡੇ ਮਤਲਬ ਦੀਆਂ ਇਹ ਗੱਲਾਂ ਹਨ, ਕਿਉਂਕਿ ਜਾਨ ਨਾਲ ਹੀ ਜਹਾਨ ਹੈ । ਦੁਨੀਆਂ 'ਚ ਇਹ ਗੱਲ ਮਸ਼ਹੂਰ ਹੈ । ਪਰਸੋਂ ਅਨੰਦ ਹੋਇਆ ਹੈ, ਬੀਬੀ ਤੁਰੀ ਜਾਂਦੀ ਡਿੱਗਣ ਲੱਗੀ ਸੀ, ਫੜਕੇ ਕੀਤਾ ਹੈ ਅਨੰਦ । ਕਿਉਂ ਸਾਡੀ ਧੀ ਐਸੀ ਹੋਵੇ, ਸਿੰਘਣੀ, ਸ਼ੇਰ ਦੀ ਬੱਚੀ ਏਹੋ ਜਿਹੀ ਹੋਵੇ, ਕਿਉਂ ਹੋਵੇ ? ਔਲਾਦ ਨੂੰ ਪਾਲਣ ਨਾਲ ਧਿਆਨ ਨਹੀਂ, ਕੱਪੜੇ ਬਹੁਤੇ ਪੁਆ ਦੇਣਾ ਦਾ ਧਿਆਨ ਹੈ । ਗਹਿਣੇ ਬਹੁਤੇ ਪੁਆ ਦੇਣ ਦਾ ਖਿਆਲ ਹੈ । ਲੇਕਿਨ ਇਸ ਗੱਲ ਦਾ ਕੋਈ ਧਿਆਨ ਨਹੀਂ ਕਿ ਇਸ ਦਾ ਸਰੀਰ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ ।

ਤਾਂ, ਮੈਂ ਇਹ ਅਰਜ਼ ਕਰਾਂਗਾ, ਤੁਸੀਂ ਲੋਕ ਆਪਣੇ ਆਪਣੇ ਅੰਦਰ ਝਾਤੀਆਂ ਮਾਰਕੇ ਧਿਆਨ ਦਿਓ । ਔਰ ਇਸ਼ਟ ਨੂੰ ਇਹ ਜਿਹੜੀ ਚੀਜ਼, ਜਿਸ ਤਰ੍ਹਾਂ ਜੂਏ ਵਿੱਚ ਸਭ ਕੁਝ ਹਾਰ ਜਾਈਦਾ ਹੈ, ਇਸ ਤਰ੍ਹਾਂ ਵਿਸ਼ੇ ਦੇ ਭੋਗ ਵਿੱਚ ਵੀ ਸਰੀਰ ਸਾਰਾ ਹਾਰ ਜਾਂਦਾ ਹੈ, ਜਿਹੜਾ ਰਾਤ ਦਿਨ ਦਾ ਇਹੋ ਖਿਆਲ ਹੈ । ਇਹ ਸਾਡੇ ਸ਼ੁਗਲ ਵਾਸਤੇ ਚੀਜ਼ ਨਹੀਂ ਸੀ, ਜਿਹਨੂੰ ਅਸੀਂ ਆਪਣਾ ਇੱਕ ਤਮਾਸ਼ਾ ਮੰਨ ਕੇ, ਆਪਣਾ ਚਸਕਾ ਬਣਾਇਆ ਹੈ । ਇਸ ਦਾ ਮਤਲਬ ਸੀ - ਬਈ, ਜਿਸ ਭਾਰਤ ਦੇ ਅਸੀਂ ਰਹਿਣ ਵਾਲੇ ਹਾਂ, ਅਸੀਂ ਉਸ ਦਾ ਵਾਧਾ ਕਰਨਾ ਹੈ, ਪਰ ਵਾਧਾ ਕਿਹੋ ਜਿਹਾ ਕਰਨਾ ਹੈ - ਇੱਕ ਲੋਹੇ ਦੀ ਲੱਠ ਪੈਦਾ ਕਰਨੀ ਹੈ । ਇਹ ਨਹੀਂ ਪੈਦਾ ਕਰਨੀ ਕਿ ਉਥੇ ਫੂਸ ਦੀ ਬੱਧੀ ਹੋਈ ਪੰਡ ਹੈ, ਜਿਹਦੀ ਮਰਜ਼ੀ ਹੈ ਉਹਨੂੰ ਅੱਗ ਲਾ ਦੇਵੇ, ਤਾਂ ਵੀ ਜਲ ਜਾਏ, ਧੱਕ ਦੇਵੇ ਤਾਂ ਵੀ, ਪਾਣੀ 'ਚ ਡਿੱਗ ਪਵੇ, ਤਾਂ ਵੀ ਰੁੜ੍ਹ ਜਾਏ ।

ਰਹਿਤ ਮਰਯਾਦਾ

ਮੈਂ ਅਰਜ਼ ਕਰਾਂਗਾ ਤੁਹਾਡੇ ਅੱਗੇ, ਮਾਈਆਂ ਅੱਗੇ ਵੀ । ਮਾਈਆਂ ਦਾ ਇੱਕ ਵੱਡਾ ਧਰਮ ਹੈ, ਸਾਡੀਆਂ ਨਾਮਧਾਰਨਾਂ ਮਾਤਾਵਾਂ ਹਰ ਇੱਕ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਰੋਜ਼ ਅਰਦਾਸ ਯਾਦ ਕਰਾਇਆ ਕਰਨ, ਬਾਰ੍ਹਾਂ ਪਾਤਸ਼ਾਹੀਆਂ ਦੀ। ਬੱਚਿਆਂ ਨੂੰ ਇਹ ਤੇ ਪਤਾ ਲੱਗੇ ਕਿ ਸਾਡੇ ਗੁਰੂਆਂ ਦੇ ਨਾਂ ਕੀ ਹਨ । ਮਾਈਆਂ ਬੱਚਿਆਂ ਨੂੰ ਇੱਕ-ਇੱਕ ਤੁਕ ਕਰ ਕੇ, ਦੋ-ਦੋ, ਚਾਰ-ਚਾਰ ਅੱਖਰ ਰੋਜ਼ ਕੰਠ ਕਰਾਉਣ, ਕਿ ਮੇਰੇ ਬੱਚੇ ਨੂੰ ਕਿੰਨੀ ਬਾਣੀ ਕੰਠ ਹੈ, ਕੱਲ ਸੁਣਿਆ ਸੀ ਤੁਸਾਂ ਸਤਿਗੁਰਾਂ ਦਾ ਹੁਕਮਨਾਮਾ - ਕਿ ਬਾਣੀ ਕੰਠ ਕਰਨੀ । ਜੇ ਤੁਸੀਂ ਬਾਣੀ ਪੜ੍ਹੋਗੇ, ਜੇ ਤੁਸੀਂ ਇਸ਼ਨਾਨ ਵੇਲੇ ਨਾਲ ਕਰੋਗੇ, ਆਪਣੇ ਸਰੀਰ ਦੀ ਸਫਾਈ ਰੱਖੋਗੇ । ਤੜਕੇ ਉਠ ਕੇ ਜੰਗਲ ਜਰੂਰ ਜਾਣਾ ਹੈ, ਭਾਵੇਂ ਉਹ ਜੰਗਲ ਨਾ ਆਵੇ, ਟੱਟੀ ਨਾ ਆਵੇ । ਜਦੋਂ ਆਦਮੀ ਜਾਏਗਾ, ਫਿਰੇ ਤੁਰੇਗਾ, ਉਹਦੀ ਦੇਹ 'ਚ ਫੁਰਤੀ ਆਵੇਗੀ, ਉਹਦੇ ਅੰਦਰੋਂ ਪਉਣ ਹੀ ਅਗਰ ਖਾਰਜ ਹੋ ਜਾਏਗੀ ਤਾਂ ਉਹਨੂੰ ਬਹਿਣ ਦਾ ਸੁਖ ਹੋ ਜਾਏਗਾ । ਦੂਸਰਾ

ਹੁਕਮ ਹੈ - ਕਿ ਕੰਘਾ ਜਰੂਰ ਕਰੇ । ਤੀਸਰੀ ਚੀਜ਼ ਹੈ - ਕਿ ਦਾਤਣ ਜ਼ਰੂਰ ਕਰੇ । ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਲਿਖੇ ਹੋਏ ਹਨ -

ਪਾਗ ਚੁਨੈ ਚੁਨ ਬਾਂਧਈ ।

ਸਿੱਖਾਂ ਨੂੰ ਟੋਪੀ ਵਾਂਗੂ ਸਿਰ ਤੇ ਪੱਗ ਧਰਨ ਦਾ ਹੁਕਮ ਨਹੀਂ । ਪੱਗ ਨੂੰ ਚੁਣ ਕੇ, ਬੰਨਣ ਦਾ ਕੀ ਮਤਲਬ ਹੈ ? ਬਈ ਦਲਿੱਦਰੀ ਨਹੀਂ ਹੁੰਦਾ । ਜਿਹੋ ਜਿਹੀ ਹੋਈ, ਉਹੋ ਜਿਹੀ ਲਪੇਟ ਲਈ । ਇੱਕ ਵੇਰ ਪੱਗ ਸਿਰ ਤੋਂ ਲਹਿ ਗਈ ਹੈ, ਉਹਨੂੰ ਫੜ ਕੇ, ਉਹਦੇ ਵੱਟ ਕੱਢ ਕੇ, ਬਣਾਕੇ ਕਰ ਲਏਗਾ । ਸਤਿਗੁਰੂ ਰਾਮ ਸਿੰਘ ਜੀ, ਕਈ ਮਾਈਆਂ ਜੇ ਪੁੱਠਾ ਲੀੜਾ ਲੈ ਲੇਣ, ਬੜੇ ਨਾਰਾਜ਼ ਹੁੰਦੇ । ਜੇ ਕਿਸੇ ਆਦਮੀ ਦੇ ਕਛਿਹਰਾ ਪੁੱਠਾ ਪੈ ਜਾਏ - ਮੈਂ ਤੁਹਾਨੂੰ ਦੱਸਾਂ, ਕਈਆਂ ਗੱਲਾਂ ਦਾ ਤੁਹਾਨੂੰ ਪਤਾ ਨਹੀਂ - ਅਗਰ ਗਲਤੀ ਨਾਲ ਵੀ ਪੁੱਠਾ ਕਛਿਹਰਾ ਪੈ ਜਾਏ, ਤਾਂ ਹੁਕਮ ਹੈ ਕਿ ਪੰਜ ਪਾਠ ਜਪੁ ਸਾਹਿਬ ਦੇ ਕਰੋ । ਅਗਰ ਕਛਿਹਰਾ ਲਹਿ ਗਿਆ ਹੈ ਕਿਸੇ ਵੇਲੇ ਗਲਤੀ ਨਾਲ ਪਉਂਚਾ - ਤਾਂ ਪੰਝੀ ਪਾਠ ਜਪੁ ਸਾਹਿਬ ਦੇ ਕਰੋ । ਇਹ ਸਤਿਗੁਰਾਂ ਦੀ ਮਰਯਾਦਾ ਹੈ । ਅਗਰ ਕਿਸੇ ਦਿਨ ਕੁਦਰਤ ਨਾਲ ਬੁਰੀ ਗੱਲ ਹੈ, ਕੁਦਰਤੀ ਆਦਮੀ ਨੂੰ ਸੁਪਨੇ 'ਚ ਕਦੇ ਦੋਸ਼ ਹੋ ਜਾਂਦਾ ਹੈ, ਤਾਂ ਜਪੁ ਜਾਪੁ ਦਾ ਪਾਠ ਜਰੂਰ ਕਰੋ । ਨਿਯਮ ਬਣਾਏ ਹੋਏ ਹਨ । ਧਿਆਨ ਨਹੀਂ ਕਦੇ ਕੋਈ ਦਿੰਦਾ, ਕੁਦਰਤ ਦੀ ਖੇਡ ਹੈ ।

ਸਾਡੇ ਲੋਕਾਂ ਨੇ ਹਿੰਦੁਸਤਾਨ ਦਿਆਂ ਨੇ, ਰੀਸ ਭਾਵੇਂ ਹਿੰਦੂਆਂ ਦੀ ਮੁਸਲਮਾਨਾਂ ਨੇ ਵੀ ਕੀਤੀ - ਪਰ ਛੇ ਸੱਤ ਸਾਲ ਦੇ ਬੱਚੇ ਹੋਏ, ਯਗਓਪਵੀਤ ਧਾਰਨ ਕਰਾਉਣਾ । ਬੇਸ਼ਕ ਜੰਮਦੇ ਬੱਚੇ ਦੇ ਕੰਨ 'ਚ ਮੰਤਰ ਦੇਣਾ ਜ਼ਰੂਰੀ ਹੈ - ਕਿਉਂਕਿ ਸ਼ਾਸਤ੍ਰ 'ਚ ਲਿਖਿਆ ਹੈ, ਹਿੰਦੂ ਸ਼ਾਸਤ੍ਰ 'ਚ - ਕਿ ਬਈ, ਤੇਰ੍ਹਾਂ ਦਿਨ ਤਕ ਦਾ ਬੱਚਾ ਮਰ ਜਾਏ ਤਾਂ ਅਬਗਤਾ ਨਹੀਂ ਜਾਂਦਾ, ਹਿੰਦੂ ਸ਼ਾਸਤ੍ਰ ਦੀ ਇਹ ਮਰਯਾਦਾ ਹੈ । ਤੇਰ੍ਹਾਂ ਦਿਨ ਤੋਂ ਬਾਅਦ ਅਗਰ ਬੱਚੇ ਨੂੰ ਗੁਰੂ ਧਾਰਨ ਨਹੀਂ ਕਰਾਇਆ ਜਾਂਦਾ ਤੇ ਬੱਚੇ ਦੀ ਗਤੀ ਨਹੀਂ ਹੁੰਦੀ । ਮੁਸਲਮਾਨ ਜੰਮਦੇ ਨੂੰ ਹੀ ਬਾਂਗ ਦਿੱਤੇ ਬਿਨਾਂ ਦੁੱਧ ਨਹੀਂ ਦਿੰਦੇ । ਸਾਡਾ ਵੀ ਸਤਿਗੁਰਾਂ ਦਾ ਹੁਕਮ ਹੈ - ਕੋਈ ਨਹੀਂ ਕੋਲ ਤਾਂ ਮਾਈ ਉਹਦੇ ਕੰਨ 'ਚ ਉਸ ਵੇਲੇ ਭਜਨ ਦੱਸ ਦੇਵੇ, ਪੈਦਾ ਹੋਣ ਸਾਰ ਹੀ । ਕਈ ਗੱਲਾਂ ਨੇ ਜਿਹੜੀਆਂ ਤੁਹਾਡੇ ਅੱਗੇ ਅਜੇ ਨਹੀਂ ਆਈਆਂ । ਹੁਣ ਜਦੋਂ ਬੱਚਾ ਪੰਜ, ਛੇ, ਸੱਤ ਸਾਲ ਦਾ ਹੈ, ਯਗਓਪਵੀਤ ਵਾਲੇ ਆਪਣੀ ਰਸਮ ਕਰਦੇ ਹਨ, ਮੁਸਲਮਾਨ ਸੁੰਨਤ ਕਰਦੇ ਹਨ, ਤੁਸੀਂ ਉਸ ਦਿਨ ਬੱਚੇ ਨੂੰ ਅੰਮ੍ਰਿਤ ਛਕਾਓ ਔਰ ਨਾਲ ਭਜਨ ਮੁੜਕੇ ਪੁਛਾਓ, ਕਿਉਂ-ਕਿ ਓਦੂੰ ਪਹਿਲਾ ਭਜਨ ਉਹਨੂੰ ਯਾਦ ਨਹੀਂ ਹੈ । ਜਿਸ ਵੇਲੇ ਪੰਜ ਛੇ ਸਾਲ ਦਾ ਹੋ ਜਾਏ - ਮਰਯਾਦਾ ਉਹੋ ਹੀ ਹੈ, ਜ਼ਰਾ ਕੁ ਮਹਾਂਪੁਰਸ਼ਾਂ ਦਾ ਆਪਣਾ ਵਕਤ ਦੇਖ ਕੇ ਫਰਕ ਪਾਇਆ ਹੈ ।

ਅਨੰਦ ਦੀ ਮਰਯਾਦਾ ਵੀ ਉਸੇ ਤਰ੍ਹਾਂ ਹੀ ਜਿਹੜਾ ਕੱਲ ਪੰਡਤ ਜੀ ਨੇ ਦੱਸਿਆ ਸੀ ਕਿ ਅੱਗ ਸਾਖਸ਼ੀ ਹੈ-ਬਸੰਤਰ ਦੇਵਤਾ, ਕਿ ਜਿੰਨਾਂ ਚਿਰ ਦੋਵਾਂ 'ਚੋਂ ਨਹੀਂ ਮਰਦਾ ਵਿਆਹ

ਨਹੀਂ ਟੁੱਟਦਾ । ਤਾਂ, ਮਾਈਆਂ ਤੜਕੇ ਉਠਕੇ, ਇਸ਼ਨਾਨ ਕਰਕੇ, ਬੱਚਿਆਂ ਨੂੰ ਗੋਦੀ 'ਚ ਲੈ ਕੇ ਜੇ ਲੋਰੀ ਦੇਣ, ਜਾਂ ਕਦੇ ਭਜਨ ਕਰਨ, ਜਾਂ ਬਾਣੀ ਪੜ੍ਹਦੀਆਂ ਹੋਣ, ਜਾਂ ਕਹਿਣ ਧੰਨ ਸਤਿਗੁਰੂ ਰਾਮ ਸਿੰਘ ਜੀ । ਕੋਈ ਨਾਮ ਲੈਣ, ਜੇ ਉਹ ਇਹ ਗੱਲ ਕਰਨਗੀਆਂ ਤਾਂ ਉਹਨਾਂ ਬੱਚਿਆਂ ਤੇ ਅਸਰ ਹੋਏਗਾ ।

ਗ੍ਰਹਿਸਤ ਧਰਮ ਤੇ, ਇੱਥੋਂ ਤਕ ਇੱਕ ਮਹਾਂਪੁਰਸ਼ ਸਨ ਸਾਡੇ ਪੰਜਾਬ ਵਿੱਚ ਸਾਧੂ। ਉਹ ਦਵਾਈ ਦਿੰਦੇ ਸਨ, ਜਿਨ੍ਹਾਂ ਦੇ ਬੱਚਾ ਨਹੀਂ ਸੀ ਹੁੰਦਾ, ਉਹਨਾਂ ਦੇ ਹੋ ਜਾਂਦਾ ਸੀ । ਪਰ ਉਹ ਸ਼ਰਤ ਨਾਲ ਕੀ ਲਾਉਂਦੇ ਸੀ - ਬਈ ਸਾਡੀ ਦਵਾਈ ਖਾਣ ਵਾਲਾ ਇਸਤ੍ਰੀ ਪੁਰਸ਼ ਪਹਿਲੀ ਰਾਤ ਸੰਗ ਨਾ ਕਰੇ । ਉਹਨੂੰ ਪੁੱਛਿਆ - ਉਹ ਕਹਿੰਦਾ, "ਗੱਲ ਇਹ ਹੈ ਬਈ, ਮੈਂ ਇਹ ਚਾਹੁੰਦਾ ਹਾਂ, ਬੱਚਾ ਤਾਂ ਮੇਰੀ ਦਵਾਈ ਨੇ ਪੈਦਾ ਕਰ ਹੀ ਦੇਣਾ ਹੈ, ਪਰ ਜਿਹੜਾ ਪਹਿਲੇ ਵਕਤ ਦਾ ਸੰਗ ਹੈ, ਉਹਦੇ ਨਾਲ ਰਾਖਸ਼ ਬਿਰਤੀ ਪੈਦਾ ਹੁੰਦੀ ਹੈ, ਪਿਛਲੇ ਵਕਤ ਨਾਲ ਦੇਵਤੇ ਬਿਰਤੀ । ਮੇਰੀ ਦਵਾਈ ਦਿੱਤੀ ਤੋਂ ਬੱਚਾ ਕੋਈ ਦੇਵਤਾ ਤਾਂ ਪੈਦਾ ਹੋਵੇ ।" ਮੈਂ ਅਰਜ਼ ਕਰਾਂਗਾ ਨੌਜਵਾਨਾਂ ਅੱਗੇ ਕਿ ਤੁਹਾਡਾ ਜਿੱਥੇ ਤੱਕ ਹੋਵੇ ਦੋ-ਦੋ ਸਾਲ ਦਾ, ਤਿੰਨ-ਤਿੰਨ ਸਾਲ ਦਾ ਫਰਕ ਤੁਹਾਡੇ ਬੱਚਿਆਂ ਦਾ ਹੋਣਾਂ ਚਾਹੀਦਾ ਹੈ । ਇਹ ਤੁਹਾਡਾ ਆਪਣਾ ਇੰਤਜ਼ਾਮ ਹੈ । ਸਾਡੀਆਂ ਧੀਆਂ ਦਾ, ਸਾਡਿਆਂ ਬੱਚਿਆਂ ਦਾ ਸਾਡਿਆਂ ਭਰਾਵਾਂ ਦਾ ਤੇ ਸਾਡੀਆਂ ਭੈਣਾਂ ਦਾ ਇਹ ਆਪਣਾ ਇੰਤਜ਼ਾਮ ਹੈ । ਜੇ ਇਸ ਤਰ੍ਹਾਂ ਕਰ ਲਓਗੇ, ਔਲਾਦ ਤਾਕਤਵਰ ਪੈਦਾ ਹੋਵੇਗੀ । ਜਦੋਂ ਬੱਚੇ ਕੋਲ ਹੋਣ, ਉਹਨਾਂ ਨੂੰ ਲੋਰੀ ਸਤਿਗੁਰਾਂ ਦੇ ਨਾਮ ਦੀ ਦਿਓ ਬਾਣੀ ਦੀ ਦਿਓ । ਉਹਨਾਂ ਨੂੰ ਰੋਜ਼ ਅਰਦਾਸ ਕਰਨ ਦੀ ਜਾਚ ਦੱਸੋ । ਸਾਡੇ ਭਾਈ ਸਾਹਿਬ ਵੀ, ਸ਼ਰਾਬ ਪੀ ਕੇ, ਘਰ ਆ ਕੇ ਹੀ ਨਾ ਚਲੇ ਜਾਣ ਆਪਣੀ ਘਰ ਵਾਲੀ ਕੋਲ । ਜੇ ਉਹਨਾਂ ਨੇ ਮਨੁੱਖ ਪੈਦਾ ਕਰਨੇ ਹਨ, ਤਾਂ ਉਹ ਵੀ ਆਪਣੀ ਬਿਰਤੀ ਨੂੰ ਟਿਕਾਣੇ ਲਾ ਕੇ, ਇਸ਼ਨਾਨ ਪਾਣੀ ਕੀਤਾ ਹੋਵੇ ਦੋਵਾਂ ਜੀਆਂ ਦਾ । ਸਤਿਗੁਰੂ ਅੱਗੇ ਅਰਦਾਸ ਕਰਨ ਤਾਂ ਕਿ ਕੋਈ ਦਾਤਾ, ਕੋਈ ਭਗਤ, ਕੋਈ ਸੂਰਮਾ ਪੈਦਾ ਹੋਵੇ । ਗੰਦ ਦੁਨੀਆਂ 'ਚ ਅੱਗੇ ਥੋੜ੍ਹਾ ਪਿਆ ਹੋਇਆ ਹੈ। ਕੋਈ ਘਾਟਾ ਨਹੀਂ ਰਿਹਾ ਹੋਇਆ ਕਿਸੇ ਚੀਜ਼ ਦਾ, ਔਰ ਤੁਸੀਂ ਦੇਖੋ, ਆਪੋ ਆਪਣੇ ਸਰੀਰਾਂ ਨੂੰ ਦੇਖੋ । ਅਗਰ ਤੁਸੀਂ ਪੰਦਰਾਂ ਦਿਨਾਂ ਦੀ ਬਜਾਏ ਅੱਜ ਇੱਕ ਮਹੀਨੇ ਤੇ ਪ੍ਰਣ ਕਰ ਲਓਗੇ ਤਾਂ ਮੈਂ ਸਮਝਾਂਗਾ ਕਿ ਮੈਨੂੰ ਬੜਾ ਫਾਇਆ ਪਹੁੰਚਿਆ ਹੈ । ਸਾਲ ਵਾਲੇ ਦੋ ਸਾਲਾਂ ਤੇ ਚਲੇ ਜਾਓ । ਦੋ ਵਾਲੇ ਚਹੁੰ ਤੇ ਚਲੇ ਜਾਓ । ਇਹ ਹੈ ਗ੍ਰਹਿਸਤ ਧਰਮ । ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ -

ਕਹੂੰ ਗ੍ਰਹਸਤ ਧਰਮ ਅਪਾਰ ॥

(ਦਸਮ ਗ੍ਰੰਥ, ਪੰਨਾ-16)

ਭਾਈ ਗੁਰਦਾਸ ਜੀ ਨੇ ਲਿਖਿਆ ਹੈ -

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ ਬਡੋ,

ਸਾਰੀਆਂ ਨਦੀਆਂ 'ਚੋਂ ਸਮੁੰਦਰ ਵੱਡਾ ਹੈ ।

ਮੇਰੁ ਮੈ ਸੁਮੇਰ ਬਡੋ, ਜਗਤੁ ਬਖਾਨ ਹੈ,

ਪਹਾੜਾਂ ਵਿੱਚੋਂ ਸੁਮੇਰ ਵੱਡਾ ਹੈ ।

ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,

ਧਾਤ ਮੈ ਕਨਕ ਅਤਿ ਉਤਮ ਕੈ ਮਾਨਿ ਹੈ ।

ਪੰਛੀਅਨ ਮੈ ਹੰਸੁ,

ਪੰਛੀਆਂ ਚੋਂ ਹੰਸ ਨੂੰ ।

ਮ੍ਰਿਗ ਰਾਜਨ ਮੈ ਸਾਰਦੂਲ,

ਸ਼ੇਰਾਂ ਵਿੱਚੋਂ ਸਾਰਦੂਲ, ਸਿੰਹ, ਸ਼ੇਰ ।

ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ ।

ਪੱਥਰਾਂ ਵਿੱਚੋਂ ਪਾਰਸ ਨੂੰ ਵੱਡਾ ਮੰਨਿਆ ਹੈ । ਧਾਤੂਆਂ ਵਿੱਚੋਂ ਸੋਨੇ ਨੂੰ ਉਤਮ ਧਾਤੂ ਮੰਨਿਆ ਹੈ । ਉਹ ਕਹਿੰਦੇ ਹਨ –

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ,

ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥376॥

(ਕਬਿਤ ਸਵੱਯੇ)

ਉਹ ਇੱਕ ਕਵੀ ਨੇ ਲਿਖਿਆ ਹੈ ਸੁਆਸਾਂ ਦੇ ਬਾਬਤ –

ਬੈਸਤ ਬਾਰਾਂ, ਚਲਤ ਅਠਾਰਾਂ ਸੋਵਤ ਜਾਏ ਤੀਸਾ ।

ਮੈਥਨ ਕਰਦਿਆਂ ਚੌਂਸਠ ਜਾਵੇ ਕਿਉਂ ਨਾ ਭਜੈ ਜਗਦੀਸਾ ।

ਜਿੰਨੇ ਚਿਰ ਵਿੱਚ ਸੁਆਸ ਬਾਰ੍ਹਾਂ ਜਾਂਦੇ ਹਨ, ਉਨੇਂ ਚਿਰ 'ਚ ਚੌਹਠ ਚਲੇ ਜਾਂਦੇ ਹਨ । 50 ਵਰ੍ਹਿਆਂ ਦੀ ਥਾਂ 10 ਵਰ੍ਹਿਆਂ ਦੀ ਉਮਰ ਰਹਿ ਗਈ ਨ ।

ਚੌਵੀ ਹਜਾਰ ਖਰਚ ਰੋਜ ਦਾ ਤੇ ਆਮਦਨ ਮੂਲ ਨਾ ਥੀਵੇ ।

ਜਿਸ ਬੰਦੇ ਨੂੰ ਇਤਨਾ ਘਾਟਾ ਸੋ ਬੰਦਾ ਕਿਉਂ ਜੀਵੇ ।

ਫਿਰ ਚੌਵੀ ਹਜਾਰ ਤਾਂ ਉਤਲਾ ਕਰਦੇ ਹਾਂ ਨ, ਜਿਹੜਾ ਵਾਧੂ ਕਰਦੇ ਹਾਂ । ਤਾਂ ਮੈਂ ਇਹ ਅਰਜ਼ ਕਰਾਂਗਾ, ਮੇਰੇ ਦਿਲ ਵਿੱਚ ਅੱਜ ਹੀ ਇਹ ਚੀਜ਼ ਆਈ ਸੀ, ਕਿ ਮੈਂ ਜਦੋਂ ਬੱਚੇ ਬੱਚੀਆਂ ਨੂੰ ਦੇਖਦਾ ਹਾਂ ਤਾਂ ਉਹਨਾਂ ਦੇ ਮਾਸ ਨਹੀਂ ਪਿੰਡੇ ਉਤੇ, ਚਿਹਰਿਆਂ ਉਤੇ ਲਾਲੀ ਨਹੀਂ । ਓਸਦਾ ਕਾਰਣ ਹੋਰ ਕੋਈ ਨਹੀਂ – ਬਹੁਤ ਔਲਾਦ ਜ਼ਿਆਦਾ । ਏਸੇ ਰੀਸੇ ਅਸੀਂ ਪੈ ਗਏ ਹਾਂ – ਮੇਰੇ ਪੰਜ ਬੱਚੇ ਨੇ, ਪੰਡਤ ਜੀ ਦੇ ਛੇ ਕਿਉਂ ਨੇ, ਸੇਵਕ ਰਾਮ ਜੀ ਦੇ ਸੱਤ ਕਿਉਂ ਨੇ, ਮੈਂ ਏਦੂੰ ਵਧਾਂ । ਇਹ ਦੇਖੋ – ਮੇਰਾ ਇੱਕ ਬੱਚਾ ਕਿੰਨਿਆਂ ਬੱਚਿਆਂ ਨਾਲ ਲੜ ਸਕਦਾ ਹੈ – ਕਿੰਨਿਆਂ ਬੱਚਿਆਂ ਜਿੰਨਾਂ ਬੋਝ ਚੁੱਕ ਸਕਦਾ ਹੈ – ਕਿੰਨਿਆਂ ਬੱਚਿਆਂ ਜਿੰਨਾਂ


ਉਹਦਾ ਦਿਮਾਗ ਕੰਮ ਕਰਦਾ ਹੈ । ਫਿਰ ਤੁਹਾਨੂੰ ਪਤਾ ਲੱਗੇ, ਫਿਰ ਤੁਸੀਂ ਕੁਝ ਕਰਨ ਜੋਗੇ ਹੋ ਜਾਓ । ਕਿਸ ਤਰ੍ਹਾਂ ਉਹ ਸੂਰਮੇ ਹੋ ਗਏ ਸੀ ਕਰਣ ਜੈਸੇ । ਉਹਨਾਂ ਦੀਆਂ ਮਾਵਾਂ ਕੀ ਕਰਦੀਆਂ ਸਨ । ਉਹ ਜਪੁ ਕਰਦੀਆਂ ਸਨ; ਉਹ ਤਪੁ ਕਰਦੀਆਂ ਸਨ; ਉਹ ਬੱਚਿਆਂ ਨੂੰ ਸਿੱਖਿਆ ਐਸੀ ਦੇਂਦੀਆਂ ਸਨ; ਐਸੀਆਂ ਚੀਜ਼ਾਂ ਨਹੀਂ ਸਨ - ਚਿੜ ਚਿੜੀਆਂ, ਖਾਣ ਨੂੰ ਦਿੰਦੀਆਂ ਜਿਨ੍ਹਾਂ 'ਚ ਮਸਾਲੇ ਪਏ ਹੋਣ; ਜਦੇ ਠੰਢੀਆਂ ਕਦੇ ਤੱਤੀਆਂ, ਜਿਨ੍ਹਾਂ ਨਾਲ ਦੰਦ ਖਰਾਬ ਹੋ ਜਾਣ । ਸਾਡੇ ਲੋਕ ਲੋਹਾ ਚੱਬ ਜਾਂਦੇ ਸਨ । ਉਹਨਾਂ ਦੇ ਦੰਦ ਏਡੇ ਕਰੜੇ ਸਨ । ਕਿਉਂ ਕਰੜੇ ਸਨ - ਉਹ ਕਦੇ ਐਸੀਆਂ ਚੀਜ਼ਾਂ ਨਹੀਂ ਸਨ ਵਰਤਦੇ, ਉਹ ਆਪਣੀਆਂ ਦੇਹਾਂ ਨੂੰ ਸਾਂਭਕੇ ਰੱਖਦੇ ਸਨ । ਅਗਰ ਤੁਸੀਂ ਹੁਣ ਵੀ ਇਸ ਗੱਲ ਦਾ ਧਿਆਨ ਦਿਓਗੇ....। ਮੈਨੂੰ ਇਸ ਗੱਲ ਦਾ ਪਤਾ ਹੈ ਬਈ, ਏਨੀ ਤਾਕਤ ਸਰੀਰ 'ਚ ਹੋ ਸਕਦੀ ਹੈ, ਜਿਹਦੀ ਆਪ ਗਿਣਤੀ ਵੀ ਅਦਮੀ ਨਹੀਂ ਕਰ ਸਕਦਾ, ਕਿ ਮੇਰੇ 'ਚ ਏਨੀ ਕੁ ਤਾਕਤ ਹੈ । ਕੀ ਗੱਲ ਸੀ ਉਹਨਾਂ ਦੀ - ਹਾਥੀ ਦੇ ਸੰਗਲ ਉਤੇ ਪੈਰ ਧਰ ਦਿੱਤਾ ਸੀ, ਤੇ ਹਾਥੀ ਖੜ੍ਹਾ ਕਰ ਦਿੱਤਾ ਸੀ। ਦਿੱਲੀ ਵਿੱਚ ਹਾਥੀ ਦੇ ਪੈਰ 'ਚ ਸੰਗਲ ਲਮਕਦਾ ਜਾਂਦਾ ਸੀ ਪਿਛਾੜੀ ਦਾ, ਤਾਂ ਉਹ ਮਾਈ ਦੇ ਬੱਚੇ ਨੇ ਪੈਰ ਧਰ ਦਿੱਤਾ ਸੀ, ਹਾਥੀ ਉਥੇ ਹੀ ਰੁਕ ਗਿਆ ਸੀ । ਉਹ ਵੀ ਸਾਡਾ ਹਿੰਦੁਸਤਾਨ ਦਾ ਮੁੰਡਾ ਜੰਮਿਆ ਸੀ ।

ਭਰਤ ਜੀ ਜਿਹਨਾਂ ਦੇ ਨਾਂ ਉਤੇ ਸਾਡਾ ਭਾਰਤ ਵਰਸ਼ ਵਸਦਾ ਹੈ, ਸ਼ੇਰ ਦੇ ਬੱਚੇ ਨੂੰ ਤਿੰਨਾਂ ਚਹੁੰ ਵਰ੍ਹਿਆਂ ਦਾ ਮੁੰਡਾ ਖਿੱਚੀ ਫਿਰਦਾ ਹੈ । ਲੱਤਾਂ ਮਾਰਦਾ ਹੈ, ਡਰਦਾ ਨਹੀਂ । ਮਾਂ ਕਹਿੰਦੀ ਹੈ, "ਨਾ, ਇਹਦੀ ਮਾਂ ਅਉਖੀ ਹੋਊ ।" ਸਰੀਰ ਇਸ ਗੱਲ ਵਾਸਤੇ ਨਹੀਂ ਬਣਿਆ ਕਿ ਵਿਸ਼ੇ ਵਿਕਾਰ 'ਚ ਇਹਨੂੰ ਗੰਵਾ ਦਿਓ ।


ਕਉਡੀ ਬਦਲੈ ਤਿਆਗੈ ਰਤਨੁ ॥

(ਰਾਮਕਲੀ ਮ: 5, ਪੰਨਾ-892)

ਇਹ ਚੀਜ਼ ਜਿਹੜੀ ਤੁਹਾਡੀ ਬਣੀ ਹੋਈ ਹੈ, ਇਸ ਨੂੰ ਉਜਲੀ ਕਰੋ ਸਰੀਰ 'ਚੋਂ, ਮਿਹਨਤ ਨਾਲ, ਕਸਰਤ ਕਰੋ; ਸਵੱਛ ਖਾਣਾ ਖਾਓ; ਕਉੜੀਆਂ ਕਸੈਲੀਆਂ ਖੱਟੀਆਂ ਚੀਜ਼ਾਂ ਘੱਟ ਖਾਓ; ਅਭਿਆਸ ਕਰੋ । ਪਹਿਲੇ ਲੋੜ ਹੈ ਦੇਹ ਦੇ ਬਣਾਉਣ ਦੀ । ਦੇਹ ਬਣੇਗੀ ਤਾਂ ਦਿਮਾਗ ਕਾਇਮ ਹੋ ਜਾਵੇਗਾ । ਜੇ ਦਿਮਾਗ ਹੀ ਕਾਇਮ ਹੋਵੇਗਾ, ਤਾਂ ਆਤਮ ਸ਼ਕਤੀ ਪੈਦਾ ਕਰਨ ਵਾਲਾ ਬਣੇਗਾ । ਉਹਨਾਂ ਨੇ ਰੋਜ਼ ਅਰਦਾਸੇ 'ਚ ਐਵੇਂ ਨਹੀਂ ਕਿਹਾ - ਕਿ ਸੁਖਾਲੀ ਸ੍ਵਾਸੀ, ਤੇਰਾ ਨਾਮ ਚਿਤ ਆਵੇ । ਮੈਂ ਇਹ ਅਰਜ਼ ਕਰਕੇ ਸਮਾਪਤ ਕਰਦਾ ਹਾਂ ।



ਹਸਤ ਲਿਖਤ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਅਨੰਦਾਂ ਵਾਲੇ


ਤੁਸੀਂ ਆਪਣੇ ਅਨੰਦ
ਮਿਲਣੀਆਂ ਮੁਕਲਾਵੇ ਕਈ
ਕਈ ਮਹੀਨੇ ਪਹਿਲਾਂ ਤ੍ਰੀਕਾਂ
ਬੰਨ੍ਹਦੇ ਹੋ ਗਲਤ ਕੰਮਾਂ
ਲਈ। ਪਰ ਸਹੀ ਕੰਮ -
ਅਨੰਦਾਂ ਦੀ ਪੜਤਾਲ ਵਾਸਤੇ
੪ ਦਿਨ ਭੀ ਪਹਿਲਾਂ ਔਣੇ
ਨੂੰ ਵਾਧੂ ਸਮਝਦੇ ਹੋ

<u>ਅਨੰਦਾਂ ਵਾਲੇ</u>


ਤੁਸੀਂ ਆਪਣੇ ਅਨੰਦ
ਮਿਲਣੀਆਂ ਮੁਕਲਾਵੇ ਕਈ
ਕਈ ਮਹੀਨੇ ਪਹਿਲਾਂ ਤ੍ਰੀਕਾਂ
ਬੰਨ੍ਹਦੇ ਹੋ ਗਲਤ ਕੰਮਾਂ
ਲਈ। ਪਰ ਸਹੀ ਕੰਮ -
ਅਨੰਦਾਂ ਦੀ ਪੜਤਾਲ ਵਾਸਤੇ
ਚਾਰ ਦਿਨ ਭੀ ਪਹਿਲਾਂ ਔਣ
ਨੂੰ ਵਾਧੂ ਸਮਝ ਦੇ ਹੋ.....

ਜਿਨਾਂ ਨੂੰ ਅਰਦਾਸ ਨਹੀਂ ਔਂਦੀ
ਜਿਨਾਂ ਦੀਆਂ ਰੋਮਾਂ ਦੀਆਂ
ਬਿਅਦਬੀਆਂ ਹੁੰਦੀਆਂ ਹਨ
ਭਰਵਟੇ ਠੀਕ ਨਹੀਂ ਹੁੰਦੇ ਜਾਂ
ਹੋਰ ਕੋਈ ਕਾਰਣ ਹੁੰਦੇ ਹਨ
ਓਹਨਾਂ ਦੀ ਪੜਤਾਲ ਅਨੰਦ ਦੇ
ਫੇਰਿਆਂ ਤਕ ਲਮਕਦੀ ਰਹਿੰਦੀ ਹੈ
ਕਿਰਪਾ ਕਰਕੇ ਸਮੇਂ ਸਿਰ ਆ ਕੇ
ਪੜਤਾਲ ਕਰਾਇਆ ਕਰੋ ਜੀ


ਅਗੇ ਨੂੰ ਕੋਸ਼ਸ਼ ਕੀਤੀ ਜਾਵੇ
ਅਨੰਦਾਂ ਵਾਲੇ ਲੜਕੇ ਇਕ
ਜਗਾ ਲੜਕੀਆਂ ਦੂਜੀ ਜਗਾ
ਸਾਡੀ ਕੰਟਰੋਲ ਵਾਲੀ ਜਗਾ ਵਿਚ
ਹੋਣ ਤਾਂਕਿ ਸਵੇਰੇ ਵੇਲੇ ਨਾਲ
ਉਠਾ ਕੇ ਇਸ਼ਨਾਨ ਕਰਵਾਕੇ
ਧਕੇ ਨਾਲ ਭੀ ਵਾਰ ਸੁਣਾਣਦੀ
ਕੋਸ਼ਸ਼ ਹੋ ਸਕੇ ਤੇ ਠੀਕ ਵਕਤ
ਨਾਲ ਫੇਰਿਆਂ ਤੇ ਲਿਆਂਦੇ ਜਾ
ਸਕਣ




ਹੁਣ ਤੋਂ ਕਹਿ ਦਿਤਾ ਜਾਵੇ
ਕਿ ਇਸਤਰਾਂ ਕਰਨ ਲਗੇ
ਹਾਂ



ਪ੍ਰਬੰਧਕ ਵਰਗ ਅਤੇ
ਅਨੰਦਾਂ ਵਾਲਿਆਂ ਵਿਚ
ਪੂਰੀ ਤਰਾਂ ਸੰਪਰਕ ਹੋ
ਸਕੇ ਤਾਕਿ ਇਕ ਦੂਜੇ ਦੀ
ਮੁਸ਼ਕਲ ਤੋਂ ਜਾਣੂ
ਹੋ ਕੇ ਉਸਦਾ ਹਲ
ਕਢਿਆ ਜਾ ਸਕਿਆ ਕਰੇ
ਸੁਝਾਅ ਦਸੋ ਜਾਂ ਲਿਖ ਕੇ ਭੇਜੋ ਜੀ
ਪਰਤੋ




ਇਹ ਸੁਝਾਅ ਹੋਣ
ਨੁਕਤਾਚੀਨੀ ਨਹੀਂ
18 ਚੇਤਰ, 2039,
ਅੰਮ੍ਰਿਤਸਰ ਕਲਾਂ ਦੇ
ਹੋਲੇ ਦੇ ਭੋਗ ਸਮੇਂ



ਇਹ ਪੜ੍ਹ ਕੇ ਸੁਨਾ ਦਿਓ

ਇਸ ਅਨੰਦ ਮਿਲਨੀ ਵਾਸਤੇ
ਅਰਦਾਸ ਮੰਗਣੀ ਮਲਣਾਂ
ਛੁਹਾਰਾ ਤੇ ਹੋਟ ਖੋਟੀਆਂ
ਰਸਮਾਂ ਨਹੀਂ ਹੋਈਆਂ ਨਾ
ਹੀ ਸਿਰਵਾਰਨੇ ਹੋਏ
ਅਗੇ ਤੋਂ ਭੀ ਪਾਰਟੀ ਮੁਕਲਾਵਾ
ਤੇ ਲੈਣ ਦੇਣ ਨਹੀਂ ਹੋ ਰਿਹਾ
ਏਥੋਂ ਤਕ ਕਿ ਇਸਦੀ ਉਪਜ ਹੀ
ਕਲ ਸ਼ਾਮ ਨੂੰ 3 ਕੁ ਵਜੇ ਹੋਈ
ਅਜ ਤੁਹਾਡੇ ਸਾਮਣੇ ਹੈ



ਸਤਿਗੁਰੂ ਕਿਰਪਾ ਕਰਨ ਤੇ ਬਚੇ
ਬਚੀਆਂ ਭੀ ਐਸੇ ਹੋਣ ਜਿਨਾਂ
ਵਿਚੋਂ ਕਿਸੇ ਦੀ ਮਾਤਾ ਨੂੰ ਪਤਾ ਹੀ
ਨਹੀਂ ਸਤਿਗੁਰੂ ਦੇ ਦਰਬਾਰ ਨੂੰ
ਸਭ ਕੁਛ ਸਮਝ ਕੇ ਅਨੰਦ ਹੋ ਰਿਹਾ ਹੈ
ਲੜਕੇ ਦੀ ਮਾਤਾ ਭੈਣਾਂ ਭਰਾ
ਲੜਕੀ ਦੀ ਮਾਤਾ ਭਰਾ
ਸਭ ਘਰੋਂ ਘਰੀ ਹਨ
ਸਤਿਗੁਰੂ ਕਿਰਪਾ ਕਰਨ ਇਹਨਾਂ ਨੂੰ
ਸਿਖੀ ਸਿਦਕ ਭਰੋਸਾ ਗੁਰੂ ਘਰ ਦੀ
ਸੇਵਾ ਪ੍ਰਾਪਤ ਰਹੇ
Malerkotla
HH's Writing on 17.1.1976

ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਵਿਆਹ ਵਾਲਿਆਂ ਨੂੰ ਆਖਣਾ ਹੈ ਕਿ ਵਿਆਹ ਇਕੋ ਵੇਰੀਂ ਹੁੰਦਾ ਹੈ ਏਹਨੂੰ ਘੜੀ-ਮੁੜੀ ਨਾ ਕਰਿਆ ਕਰੋ ਜਾ ਕੇ । ਜੇ ਕੋਈ ਕੰਮ ਗਲਤ ਕਰਨਾ ਹੈ ਜਾ ਕੇ ਅੱਗੋਂ ਵਿਆਹ ਦਾ (ਹੋਰ ਰਸਮਾਂ ਪਾਰਟੀ, ਮੁਕਲਾਵਾ ਵਗੈਰਾ) ਉਹ ਸਾਡੇ ਤੋਂ ਚੋਰੀ ਕਰ ਸਕਦੇ ਹੋ, ਜਿਨ੍ਹਾਂ ਦੀ ਇਹ ਮਰਿਯਾਦਾ ਹੈ ਸਤਿਗੁਰਾਂ ਦੀ ਉਨ੍ਹਾਂ ਤੋਂ ਚੋਰੀ ਨਹੀਂ ਹੋਣੀ । ਉਹ ਕਿਸੇ ਨਾ ਕਿਸੇ ਢੰਗ ਨਾਲ ਝਗੜੇ ਫਸਾਦ, ਜਮਾਨਤਾਂ ਤੇ ਮੁਕਦਮੇਂ, ਇਕ ਦੂਜੇ ਨੂੰ ਅੰਦਰ ਕਰਵਾਉਣਾ, ਇਹ ਸਾਰਾ ਕੁਝ ਤੁਹਾਡੇ ਸਾਮ੍ਹਣੇ ਹੁੰਦਾ ਹੈ, ਇਹ ਕਿਉਂ ਹੁੰਦਾ ਹੈ ? - ਆਪਾਂ ਗਲਤੀਆਂ ਕਰਦੇ ਹਾਂ ਤਾਂ ਹੁੰਦਾ ਹੈ । ਇਕ ਬਲਵੰਤ ਸਿੰਘ ਮਿਸਤਰੀ ਸਿੰਘ ਹੈ ਵੋਟੀਆਂ ਦਾ, ਗੰਗਾ ਨਗਰ ਰਹਿੰਦਾ ਹੈ । ਕਈ ਸਾਲ ਹੋ ਗਏ ਨੇ ਜਦੋਂ ਮੈਂ ਉਥੇ ਗਿਆ ਪਹਿਲੀ ਵੇਰਾਂ, ਸੱਚੇ ਪਾਤਸ਼ਾਹ ਤੋਂ ਬਾਦ । ਮੈਨੂੰ ਆਂਹਦਾ, "ਮੈਂ ਬੜਾ ਦੁਖੀ ਹਾਂ । ਮੈਂ ਆਖਿਆ ਕੀ ਗਲ ? ਆਂਹਦਾ ਮੈਂ ਆਪਣੀ ਕੁੜੀ ਦਾ ਵਿਆਹ ਜਿਥੇ ਕੀਤਾ ਸੀ ਉਹ ਮੁੰਡਾ ਬੀ.ਡੀ.ਓ. ਹੈ । ਨਾਮਧਾਰੀ ਤੇ ਹੈ ਨਹੀਂ ਸੀ ਉਹ । ਤੇ ਹੁਣ ਉਹ ਆਖਦਾ ਹੈ ਕਿ ਮੈਨੂੰ ਦੂਜੀ ਕੁੜੀ ਦਾ ਸਾਕ ਵੀ ਦੇਹ । ਮੈਂ ਪੁਛਿਆ ਕਿ ਤੂੰ ਪਹਿਲੀ ਕੁੜੀ ਦਾ ਸਾਕ ਕੀਤਾ ਤੇ ਕੁਝ ਦਾਜ ਦਿੱਤਾ ਸੀ । ਕਹਿੰਦਾ ਹਾਂ, ਦਾਜ ਤੇ ਦਿੱਤਾ ਸੀ । ਮੈਂ ਆਖਿਆ ਫੇਰ ਉਹ ਕੁੜੀ ਤੇ ਨਹੀਂ ਮੰਗਦਾ, ਹੋਰ ਦਾਜ ਮੰਗਦਾ ਹੈ ਤੇਰੇ ਕੋਲੋਂ । ਉਸ ਆਖਿਆ - ਫਿਰ ਮੈਂ ਕੀ ਕਰਾਂ ? ਮੈਂ ਆਖਿਆ ਜੇ ਮੇਰੀ ਮੰਨਣੀ ਹੈ, ਕੁੜੀ ਮੈਂ ਵੇਖੀ ਸੀ - ਬਹੁਤ ਸੁਨੱਖੀ ਕੁੜੀ ਤੇ ਉਹਦੇ ਕੋਲ ਮੁੰਡਾ ਵੀ । ਤੇ ਫੇਰ ਉਹਨੂੰ ਦੂਜੇ ਵਿਆਹ ਦੀ ਕੀ ਲੋੜ ਸੀ ? - ਪੈਸਾ ! ਮੈਂ ਆਖਿਆ, "ਜੇ ਮੇਰੀ ਮੇਰੀ ਮੰਨਣੀ ਹੈ ਤਾਂ ਜੇਹੜੀ ਵਿਆਈ ਹੈ, ਉਹਨੂੰ ਵੀ ਘਰ ਰੱਖ ਤੇ ਉਹਨੂੰ ਆਖ ਕਿ ਤੂੰ ਜਿਥੇ ਮਰਜੀ ਕਰਵਾ ਲੈ, ਮੈਂ ਇਹ ਵੀ ਨਹੀਂ ਤੋਰਦਾ ਤੇਰੇ ਕੋਲ । ਮੇਰਾ ਮਤਲਬ ਕਹਿਣ ਤੋਂ ਹੈ ਕਿ ਇਸ ਤਰ੍ਹਾਂ ਦੀਆਂ ਅੜਚਨਾ ਪੈਦਾ ਹੋ ਜਾਂਦੀਆਂ ਨੇ । ਪਰ ਕਈ ਬਾਹਰ ਖੁਲ੍ਹਿਆਂ 'ਚ ਜਿਹੜੇ ਨਾਮਧਾਰੀ ਨਹੀਂ ਵੀ । ਕਈ ਉਹ ਵੀ ਬੜਾ ਉਦਮ ਕਰਦੇ ਨੇ । ਇਕ ਮੁੰਡੇ ਦਾ ਵਿਆਹ ਹੋਇਆ, ਦੁਆਬੇ ਦੀ ਗਲ ਹੈ, ਮੈਨੂੰ ਪਿੰਡ ਨਹੀਂ ਯਾਦ ਕਿ ਕੇਹੜਾ ਹੈ । ਵਿਆਹ ਤੋਂ ਬਾਦ ਕੁੜੀ ਜਿਸ ਵੇਲੇ ਘਰ ਆਈ ਫੇਰ ਜਦੋਂ ਪੇਕਿਆਂ ਨੂੰ ਚੱਲੀ ਤੇ ਉਹ ਬੜੀ ਰੋਈ । ਮੁੰਡੇ ਨੇ ਪੁੱਛਿਆ ਕਿ ਰੋਂਦੀ ਕਿਉਂ ਹੈ ਤੂੰ ? ਉਹ ਆਂਹਦੀ ਹੈ, ਕਿ ਤੀਹ ਹਜਾਰ ਰੁਪਇਆ ਮੇਰੇ ਪਿਉ ਨੇ ਕਰਜਾ ਚੁੱਕ ਕੇ ਮੇਰਾ ਵਿਆਹ ਕੀਤਾ ਹੈ ਤੇ ਪੈਸੇ ਤੁਹਾਡੇ ਘਰਦਿਆਂ ਨੂੰ ਦਿੱਤੇ ਨੇ । ਹੁਣ ਜਦੋਂ ਮੈਂ ਵਾਪਸ ਆਉਣਾ ਹੈ ਤੇ ਆ ਨਹੀਂ ਸਕਣਾ ਕਿਉਂ ਕਿ ਉਸ ਨੇ ਕਰਜਾ

ਚੁੱਕ ਕੇ ਸਾਰਾ ਕੁਝ ਕਰ ਦਿੱਤਾ ਹੈ, ਹੁਣ ਤੇ ਉਹਦੇ ਕੋਲ ਪੈਸਾ ਕੋਈ ਨਹੀਂ, ਮੈਂ ਕਿਸ ਤਰ੍ਹਾਂ ਆਵਾਂਗੀ । ਉਹ ਮੁੰਡੇ ਨੇ ਕਿਹਾ ਕਿ ਤੂੰ ਫਿਕਰ ਨਾ ਕਰ, ਜਾਹ ਤੂੰ । ਉਹ ਚਲੀ ਗਈ ਤੇ ਜਦੋਂ ਮੁੰਡਾ ਕੁੜੀ ਨੂੰ ਲੈਣ ਗਿਆ ਤੇ ਉਥੇ ਹੀ ਰਹਿ ਗਿਆ । ਪਿਉ ਚਿੱਠੀਆਂ ਪਾਵੇ । ਮੁੰਡੇ ਨੇ ਕਿਹਾ, "ਪਹਿਲਾਂ ਤੀਹ ਹਜਾਰ ਤੇਰਾ ਪੂਰਾ ਹੋਵੇਗਾ ਫੇਰ ਆਉਣਾ ਹੈ ਮੈਂ । ਫੇਰ ਉਸ ਪਿਤਾ ਨੇ ਤਰਲੇ ਕਰਕੇ ਲੈ ਆਂਦਾ ਮੁੰਡੇ ਨੂੰ । ਕਈ ਕਹਿੰਦੇ ਨੇ, ਕੀ ਕਰੀਏ ਫਿਰ ? ਐਹੋ ਜਿਹਾ ਕੰਮ ਕਰੋ । ਆਪੇ ਅਕਲ ਆ ਜਾਂਦੀ ਹੈ ਅਗਲੇ ਨੂੰ । ਤੇ ਵਿਆਹ ਵਾਲੇ ਜੇਹੜੇ ਨੇ ਉਹ ਕਿਰਪਾ ਕਰਨ ਕੋਈ ਗਲਤ ਕੰਮ ਨਾ ਕਰਨ । ਸਾਡੇ ਵਾਸਤੇ ਬੜੀ ਮੁਸ਼ਕਲ ਬਣਦੀ ਹੈ ਫੇਰ ਲੋਕ ਆਖਦੇ ਨੇ ਤੁਹਾਡੇ ਕੋਲ ਵਿਆਹ ਕਰਕੇ ਫੇਰ ਐਸ ਤਰ੍ਹਾਂ ਕਰਦੇ ਨੇ ।

ਪ੍ਰੇਰਣਾ - ਸ੍ਰੋਤ ਅਨੰਦ ਕਾਰਜ

ਤੁਹਾਡੀ ਇਕ ਗਲ ਦਾ ਉਥੇ ਬੜਾ ਅਸਰ ਹੋਇਆ ਹੈ ਕਿਉਂਕਿ ਅਸਰ ਉਥੇ ਹੁੰਦਾ ਹੈ, ਜਿਥੇ ਅਸਰ ਲੈਣ ਵਾਲਾ ਥਾਂ ਬਣਿਆ ਹੋਵੇ । ਦੂਜੇ ਥਾਂ ਅਸਰ ਕਦੇ ਨਹੀਂ ਹੁੰਦਾ । ਜਿਹੜਾ ਕਰੰਟ ਬਿਜਲੀ ਦਾ ਗਿੱਲੀ ਲਕੜ ਵਿਚ ਦੀ ਲੰਘ ਸਕਦਾ ਹੈ, ਸੁਕੀ ਲਕੜ ਵਿੱਚ ਦੀ ਕਦੇ ਨਹੀਂ ਲੰਘੇਗਾ । ਏਥੇ ਸਿਆਮ ਵਾਲੇ ਸਿੰਘ ਆਏ ਸਨ, ਤੁਹਾਨੂੰ ਪਤਾ ਹੈ ਕਿ ਪਰਮਜੀਤ ਦਾ ਏਥੇ ਵਿਆਹ ਹੋਇਆ । ਪ੍ਰੀਤਮ ਸਿੰਘ ਹੁਰਾਂ ਦੀ ਬੀਬੀ ਨਾਲ ਅਨੰਦ ਹੋਇਆ ਹੈ ਤੇ ਕਿਸ ਤਰ੍ਹਾਂ ਉਹ ਬੀਬੀ ਅਤੇ ਸਿੰਘ ਨੇ ਫੇਰੇ ਹੱਥ ਜੋੜ ਕੇ ਲਏ ਨੇ ਤੇ ਫੇਰ ਉਸ ਤੋਂ ਬਾਦ ਉਸੇ ਵੇਲੇ ਉਨਾਂ ਨੇ ਭਾਂਡੇ ਮਾਂਜਨ ਦੀ ਸੇਵਾ ਸ਼ੁਰੂ ਕਰ ਦਿੱਤੀ ਹੈ ਤੇ ਉਨਾਂ ਤੇ (ਸਿਆਮ ਵਾਲੇ ਸਿੰਘਾਂ ਤੇ) ਅਸਰ ਇਹ ਹੀ ਬੜਾ ਹੋਇਆ ਹੈ ਕਿ ਏਨ੍ਹਾਂ ਨੇ ਵਿਆਹ ਨੂੰ ਉਚੇਚਾ ਨਹੀਂ ਬਣਾਇਆ । ਏਨੀ ਸਾਦਗੀ ਦੀ ਚੀਜ ਏਨਾਂ ਨੇ ਕੀਤੀ ਹੈ । ਉਹ ਜਦੋਂ ਵੀ ਉਥੇ ਸਿਆਮ 'ਚ ਲੈਕਚਰ ਕਰਿਆ ਕਰਨ ਤੇ ਦੱਸਿਆ ਕਰਨ ਕਿ ਐਸ ਤਰ੍ਹਾਂ ਉਥੇ ਅਫਰੀਕਾ 'ਚ ਸਾਦਾ ਅਨੰਦ ਹੋਇਆ ਹੈ । ਇਸ ਤਰ੍ਹਾਂ ਦੀ ਚੰਗੀ ਚੀਜ ਬਾਹਰ ਜਾ ਕੇ ਸਾਡਾ ਚੰਗਾ ਅਸਰ ਕਰ ਸਕਦੀ ਹੈ ।

ਸਹਜ – ਅਨੰਦ

(ਗੁਰਮਤਿ ਅਨੰਦ ਕਾਰਜ)

ਧਰਮ ਦਾ ਸ਼ੁਧ ਸਰੂਪ ਓਨੀਂ ਦੇਰ ਹੀ ਕਾਇਮ ਰਹਿੰਦਾ ਹੈ, ਜਦੋਂ ਤੱਕ ਧਰਮ ਦੀ ਵਾਗ-ਡੋਰ ਕਿਸੇ ਪੂਰਨ - ਪੁਰਖ ਦੇ ਹੱਥ ਵਿੱਚ ਹੋਵੇ, ਨਹੀਂ ਤੇ ਧਰਮ ਗ੍ਰੰਥਾਂ ਵਿੱਚ ਸਿਮਟ ਕੇ ਰਹਿ ਜਾਂਦਾ ਹੈ, ਧਰਮ ਦੇ ਅਖੌਤੀ ਆਗੂ, ਧਰਮ ਦੀ ਵਿਆਖਿਆ ਆਪਣੇ ਸਵਾਰਥ ਹਿਤ ਕਰਦੇ ਹਨ, ਜਿਸ ਧਰਮ ਨੇ ਮਨੁੱਖ ਨੂੰ ਬੰਧਨ-ਮੁਕਤਿ ਕਰਨਾ ਹੁੰਦਾ ਹੈ, ਜੀਵਨ ਮੁਕਤ ਕਰਨਾ ਹੁੰਦਾ ਹੈ, ਓਹੀ ਧਰਮ ਬੰਧਨ ਬਣ ਜਾਂਦਾ ਹੈ, ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਦਾ ਬੰਧਨ।

ਸਤਿਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਸਮੇਂ ਤੱਕ ਸਨਾਤਨ ਧਰਮ ਪਰੰਪਰਾ ਦੀ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਦਾ ਸ਼ਿਕਾਰ ਹੋ ਚੁੱਕੀ ਸੀ। ਵਿਆਹ ਵਰਗੀ ਪਵਿੱਤਰ ਰਸਮ ਵੀ ਬਹੁਤ ਜਟਿਲ ਅਤੇ ਵਪਾਰਕ ਹੋ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਆਪ ਫੁਰਮਾਉਂਦੇ ਹਨ -

ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥

ਅਜੇਹੇ ਅਧੋਗਤੀ ਦੇ ਸਮੇਂ - ਜਦੋਂ '**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ**'। ਮੱਸਿਆ ਦੇ ਅੰਧਕਾਰ ਵਰਗੇ ਸਮੇਂ ਵਿੱਚ ਸਤਿਗੁਰੂ ਨਾਨਕ ਦੇਵ - ਸੱਚ ਦਾ ਸੂਰਜ ਬਣ ਪ੍ਰਗਟ ਹੋਏ, ਗਿਆਨ ਦਾ, ਪ੍ਰੇਮ ਦਾ, ਭਗਤੀ ਦਾ ਸੂਰਜ -

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਇਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ॥

ਸਤਿਗੁਰੂ ਨਾਨਕ ਦੇਵ ਜੀ ਨੇ ਅਧਿਆਤਮਵਾਦ ਨੂੰ, ਰੂਹਾਨੀਅਤ ਨੂੰ ਜੰਗਲਾਂ-ਬੇਲਿਆਂ ਅਤੇ ਪਹਾੜਾਂ ਦੀ ਖੁੰਦਰਾਂ ਚੋਂ ਕੱਢ ਕੇ ਲੋਕ ਜੀਵਨ ਵਿੱਚ ਲਿਆਂਦਾ। ਗ੍ਰਹਿਸਤ ਵਿੱਚ ਰਹਿੰਦਿਆਂ, ਸੁੱਚੀ ਕਿਰਤ, ਸੇਵਾ-ਸਿਮਰਨ ਅਤੇ ਪ੍ਰੇਮਾ-ਭਗਤੀ ਦੁਆਰਾ ਪ੍ਰਮੇਸਰ ਨੂੰ ਪਤੀ ਮੰਨ ਕੇ ਆਪਣੇ ਆਪ ਨੂੰ 'ਮਹਲ', ਭਾਵ '**ਇਸਤਰੀ ਰੂਪ ਚੇਰੀ ਕੀ ਨਿਆਈ**' ਸਮਝ ਕੇ ਪ੍ਰਭੂ ਪ੍ਰਾਪਤੀ ਦਾ ਸਰਲ ਮਾਰਗ ਦੱਸਿਆ।

ਸਤਿਗੁਰੂ ਨਾਨਕ ਦੇਵ ਜੀ ਅਤੇ ਆਪਦੇ ਜਾਂ-ਨਸ਼ੀਨ ਸਤਿਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮੇਂ ਵਿਚ ਵਹਿਮਾਂ-ਭਰਮਾਂ ਅਤੇ ਫੋਕਟ ਕਰਮ ਕਾਂਡਾਂ ਵਾਲੀਆਂ ਰਸਮਾਂ ਦੀ ਜਗਾ ਜੀਵੰਤ ਰਸਮਾਂ, ਦੈਵੀ ਪਰੰਪਰਾਵਾਂ ਆਰੰਭ ਕੀਤੀਆਂ। ਜਿਵੇਂ ਹੋਲੀ ਦਾ ਪੁਰਬ ਜੋ ਕੇਵਲ ਰੰਗਾਂ ਦਾ, ਹਾਸ-ਵਿਲਾਸ ਦਾ ਤਿਉਹਾਰ ਬਣ ਚੁੱਕਾ ਸੀ ਗੁਰੂ ਸਾਹਿਬ ਨੇ ਇਸਨੂੰ '**ਹੋਲੀ ਕੀਨੀ ਸੰਤ ਸੇਵ, ਰੰਗੁ ਲਾਗਾ ਅਤਿ ਲਾਲ ਦੇਵ**'। - ਸੇਵਾ ਅਤੇ ਸਿਮਰਨ ਨਾਲ ਜੋੜ ਕੇ ਮਨ ਅਤੇ ਆਤਮਾ ਨੂੰ ਨਾਮ ਦੀ ਰੰਗਨ ਚਾੜ੍ਹਨ ਦਾ ਉਪਦੇਸ਼ ਦਿੱਤਾ। ਸਾਹਿਬ ਗੁਰੂ ਗੋਬਿੰਦ

ਸਿੰਘ ਜੀ ਨੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ ਹੋਲੀ ਦੇ ਤਿਉਹਾਰ ਨੂੰ ਹੋਲੇ ਮਹੱਲੇ ਦਾ ਬੀਰ ਰਸੀ ਰੂਪ ਬਣਾ ਦਿੱਤਾ। ਇਸੇ ਤਰ੍ਹਾਂ ਭਾਰਤੀ ਸਮਾਜ ਵਿੱਚ ਪ੍ਰਚਲਤ ਵਿਆਹ, ਦੀ ਰਸਮ ਨੂੰ ਸਿੱਖ ਸਮਾਜ ਵਿੱਚ 'ਅਨੰਦ-ਕਾਰਜ' ਦਾ ਨਾਮ ਦਿੱਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 3 ਜੂਨ, 1863 ਈ: ਪਿੰਡ ਖੋਟੇ (ਫਿਰੋਜਪੁਰ - ਪੰਜਾਬ) ਵਿਖੇ ਸਮੂਹਿਕ ਅਨੰਦ ਕਾਰਜ ਦੀ ਰਸਮ ਦਾ ਸ਼ੁਭ ਆਰੰਭ ਕੀਤਾ। ਆਪ ਜੀ ਨੇ ਸਤਿਗੁਰੂ ਅਮਰਦਾਸ ਜੀ ਦਾ ਉਚਾਰਿਆ ਅਨੰਦ, ਸਤਿਗੁਰੂ ਰਾਮਦਾਸ ਜੀ ਦੀਆਂ ਸੂਹੀ ਰਾਗ ਵਿੱਚ ਉਚਾਰੀਆਂ ਲਾਵਾਂ, ਸਾਹਿਬ ਸਤਿਗੁਰੂ ਤੇਗ ਬਹਾਦਰ ਜੀ ਦੇ ਉਚਾਰੇ ਸਲੋਕ ਅਤੇ ਹਵਨ ਅਤੇ ਵੇਦੀ ਦੀ ਸਨਾਤਨ ਪਰੰਪਰਾ ਦਾ ਜੋੜ-ਮੇਲ ਕਰਕੇ ਗੁਰਮਤਿ ਅਨੰਦ ਮਰਿਯਾਦਾ ਸਥਾਪਿਤ ਕੀਤੀ। ਜੋ ਕਰਮ-ਕਾਂਡਾਂ ਤੋਂ ਰਹਿਤ, ਦਹੇਜ-ਮੁਕਤ, ਸਰਲ ਅਤੇ ਦੈਵੀ - ਸੰਜੋਗ ਬਣ ਗਿਆ।

ਜਿਥੇ ਵਿਆਹ ਕੇਵਲ ਇਕ ਦੁਨਿਆਵੀ ਰਸਮ ਸੀ ਉਥੇ ਗੁਰਮਤਿ ਅਨੰਦ-ਕਾਰਜ ਇਕ ਅਜੇਹੀ ਪਰੰਪਰਾ ਹੈ ਕਿ ਜਿਸਦਾ ਆਧਾਰ ਅਧਿਆਤਮਕ ਹੈ, ਆਤਮਾ ਅਤੇ ਪਰਮਾਤਮਾ ਦਾ ਮੇਲ। ਇਸ ਪਰੰਪਰਾ ਦਾ ਨਾਮ 'ਅਨੰਦ ਕਾਰਜ' ਅਤੇ ਇਸਦਾ ਸਮੁੱਚਾ ਆਧਾਰ ਵਿਸ਼ੇਸ਼ ਅਤੇ ਅਰਥ ਭਰਪੂਰ ਹੈ।

'ਅਨੰਦ', ਸ਼ਬਦ ਦਾ ਭਾਵ ਹੈ - ਖੇੜਾ, ਖੁਸ਼ੀ, ਪਰਮ-ਹੁਲਾਸ ਜੋ ਸਤਿਗੁਰੂ ਅਮਰਦਾਸ ਜੀ ਦੁਆਰਾ ਰਾਮਕਲੀ ਰਾਗ ਵਿੱਚ ਉਚਾਰੀ ਬਾਣੀ ਦਾ ਸਿਰਲੇਖ ਹੈ। ਗੁਰੂ ਅਮਰਦਾਸ ਜੀ ਨੇ ਜਦੋਂ ਅਜੇ ਗੁਰੂ ਧਾਰਨ ਨਹੀਂ ਸੀ ਕੀਤਾ - ਗੁਰੂ ਅੰਗਦ ਦੇਵ ਜੀ ਦੀ ਚਰਨ-ਸਰਨ ਵਿੱਚ ਆਉਣ ਤੋਂ ਪਹਿਲੋਂ ਆਪ ਨੇ ਅਨੇਕਾ ਜਪ-ਤਪ ਵਰਤ ਅਤੇ ਤੀਰਥ ਇਸ਼ਨਾਨ ਕੀਤੇ ਪਰ ਕੋਈ ਪ੍ਰਾਪਤੀ ਨਾ ਹੋਈ। ਬਿਰਧ ਅਵਸਥਾ ਵਿੱਚ ਅਮਰਦਾਸ ਜੀ ਜਦੋਂ ਸਤਿਗੁਰੂ ਅੰਗਦ ਦੇਵ ਜੀ ਦੀ ਸਰਨ ਵਿਚ ਆਏ, ਗੁਰਮੰਤ੍ਰ ਦੀ ਦਾਤ ਪ੍ਰਾਪਤ ਕਰਕੇ ਅਜੇਹੀ ਸਰਧਾ, ਪ੍ਰੇਮ ਅਤੇ ਭਗਤੀ ਭਾਵ ਨਾਲ ਸੇਵਾ ਕੀਤੀ ਕਿ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" - ਦੀ ਅਵਸਥਾ ਬਣ ਗਈ - ਸਤਿਗੁਰੂ ਮਿਲਿਆ, ਅਭੇਦ ਹੋ ਗਏ ਸਤਿਗੁਰੂ ਨਾਲ 'ਅਮਰੂ ਨਿਥਾਵੇਂ ਤੋਂ, ਅਮਰਦਾਸ ਤੋਂ - ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਿਰ ਸਮਰੱਥ ਸਤਿਗੁਰੂ ਬਣ ਗਏ - ਸਤਿਗੁਰੂ ਅਮਰਦਾਸ ਜੀ। ਸਤਿ, ਚੇਤਨ, ਅਨੰਦ ਸਰੂਪ, ਸਤਿਗੁਰੂ ਨਾਲ ਅਭੇਦ ਹੋ ਕੇ ਆਪ ਜੀ ਨੇ ਰਾਮਕਲੀ ਰਾਗ ਵਿੱਚ ਲਿਖਿਆ -

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥

'ਸਹਜ ਸੇਤੀ, ਗਿਆਨ ਸਹਿਤ ਸਤਿਗੁਰੂ ਨਾਲ ਅਭੇਦਤਾ ਹੋ ਗਈ ਅਤੇ ਪਰਮ-ਅਨੰਦ ਦੀ ਪ੍ਰਾਪਤੀ ਹੋ ਗਈ ਆਪ ਜੀ ਏਸੇ ਬਾਣੀ ਵਿੱਚ ਲਿਖਦੇ ਹਨ -

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਗੁਰਮਤਿ ਅਨੰਦ ਮਰਿਯਾਦਾ, ਦਾ ਅਨੰਦ ਸ਼ਬਦ ਸਿੱਖ ਅਤੇ ਗੁਰੂ ਦੀ, ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਦੀ ਪਰਮ ਅਨੰਦ ਵਾਲੀ ਅਵਸਥਾ ਦਾ ਸੂਚਕ ਹੈ।

ਇਸ ਮਰਿਯਾਦਾ ਦਾ ਦੂਸਰਾ ਪੜਾਅ ਹੈ - ਸਤਿਗੁਰੂ ਰਾਮਦਾਸ ਜੀ ਦੁਆਰਾ ਸੂਹੀ ਰਾਗ ਵਿੱਚ ਉਚਾਰਨ ਕੀਤੀਆਂ ਲਾਵਾਂ । ਰਾਗ 'ਸੂਹੀ' ਭਾਵ ਸੂਹਾ ਰੰਗ ਵੀ ਮਿਲਾਪ ਦੀ ਖੁਸ਼ੀ ਦਾ ਸੂਚਕ ਹੈ । ਇਨਾਂ ਚਾਰੇ ਲਾਵਾਂ ਵਿਚ ਜੀਵ-ਆਤਮਾ ਰੂਪ ਇਸਤਰੀ ਦਾ ਪਤੀ ਪਰਮੇਸ਼ਰ ਨਾਲ ਮਿਲਾਪ ਦੀਆਂ ਚਾਰ ਅਵਸਥਾਵਾਂ ਦਾ ਜਿਕਰ ਹੈ । ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀਆਂ ਚਾਰ ਅਵਸਥਾਵਾਂ ਜਾਂ ਚਾਰ ਪੜਾਅ ਤੈਅ ਕਰਕੇ ਮਿਲਾਪ ਦੀ ਮੰਜਿਲ ਤੱਕ, ਅਭੇਦਤਾ ਦੀ ਅਵਸਥਾ ਬਾਰੇ ਗੁਰੂ ਸਾਹਿਬ ਨੇ ਮਾਰਗ ਸਪਸ਼ਟ ਕੀਤਾ ਹੈ-

ਪਹਿਲਾ ਪੜਾਅ :- ਸਮਰਪਣ ਭਾਵ ਨਾਲ ਕਰਮ ਕਰਨਾ ਭਾਵ ਨਿਸ਼ਕਾਮ ਸੇਵਾ । ਦੂਸਰਾ ਪੜਾਅ :- ਇਕ ਸਤਿਗੁਰੂ ਨਾਲ ਅਜੇਹਾ ਇਕ ਸੁਰ ਪ੍ਰੇਮ ਹੋਵੇ ਕਿ ਸਭ ਵਿਚ ਉਹੋ ਹੀ ਦਿਸਣ ਲੱਗੇ - ਕੋਈ ਦੂਸਰਾ ਰਹੇ ਹੀ ਨਾ - ਏਥੋਂ ਤੱਕ ਕਿ ਪੂਰੀ ਤਰ੍ਹਾਂ ਪ੍ਰੇਮ ਵਿਚ ਲੀਨ ਹੋ ਕੇ ਆਪਾ ਵੀ ਖਤਮ ਹੋ ਜਾਵੇ - ਆਤਮਾ ਅਤੇ ਪਰ-ਆਤਮਾ ਦਾ ਭੇਦ ਮਿਟਾਕੇ ਪਰਮ -ਆਤਮਾ ਵਿੱਚ ਲੀਨ ਹੋਣ ਦਾ ਇਕੋ ਸਹਿਜ ਮਾਰਗ ਹੈ "**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**", ਇਹੋ ਪ੍ਰੇਮਾ ਭਗਤੀ ਹੀ ਇਸ ਅਧਿਆਤਮਕ ਮੰਜਿਲ ਦਾ ਦੂਸਰਾ ਪੜਾਅ ਹੈ ।

ਗੁਰੂ ਸਾਹਿਬ ਤੀਸਰੀ ਅਵਸਥਾ ਵਿੱਚ ਵੈਰਾਗ ਦਾ ਜਿਕਰ ਕਰਦੇ ਹਨ । ਵੈਰਾਗ ਹੀ ਪ੍ਰੇਮ ਦੀ ਸੰਪੂਰਨਤਾ ਹੈ । ਵੈਰਾਗ, ਪ੍ਰੇਮ ਦਾ ਬ੍ਰਹਿਮੰਡੀ ਵਿਸਥਾਰ ਹੈ । ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਵਿੱਚ ਪ੍ਰਵੇਸ਼ ਦਾ ਮਾਰਗ ਵੈਰਾਗ ਹੀ ਹੈ । ਸਰੀਰਕ ਪ੍ਰੇਮ ਤੋਂ ਆਤਮਿਕ ਪ੍ਰੇਮ ਦੀ, 'ਦ੍ਵੈ ਤੋਂ ਏਕ' ਹੋਣ ਦੀ ਵਿਰੱਕਤ ਅਵਸਥਾ ।

ਨਿਸ਼ਕਾਮ ਕਰਮ, ਪ੍ਰੇਮਾ-ਭਗਤੀ ਅਤੇ ਵੈਰਾਗ ਦੀ ਵਿਰੱਕਤ ਅਵਸਥਾ ਉਪਰੰਤ-

"ਹਰਿ ਚਉਥੜੀ ਲਾਵ ਮਨਿ ਸਹਜੁ ਭਇਆ
ਹਰਿ ਪਾਇਆ ਬਲਿ ਰਾਮ ਜੀਉ ।।"

ਜੀਵ ਆਤਮਾ ਅਤੇ ਪਰਮਾਤਮਾ ਦਾ ਮਿਲਾਪ, ਪਤੀ ਪਰਮੇਸ਼ਰ ਨਾਲ ਅਭੇਦਤਾ ਦੀ ਅਵਸਥਾ ਜਿਸਨੂੰ ਅਧਿਆਤਮ ਵਿਚ ਚੌਥਾ ਪਦ - ਰਜੋ, ਤਮੋ, ਸਤੋ ਤੋਂ ਰਹਿਤ ਧਰਮ, ਅਰਥ, ਕਾਮ, ਮੋਕਸ਼ ਤੋਂ ਵੀ ਉਪਰ ਤੁਰੀਆਂ ਅਵਸਥਾ ਹੀ ਇਨ੍ਹਾਂ ਸੂਹੀ ਰਾਗ ਵਿੱਚ ਉਚਾਰੀਆਂ ਲਾਵਾਂ ਦਾ ਚੌਥਾ ਪੜਾਅ ਹੈ ।

ਜੀਵ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੇ ਚਾਰੇ ਪੜਾਅ ਹੀ ਪਤੀ-ਪਤਨੀ ਦੇ ਸੰਜੋਗ ਅਤੇ ਸਫਲ ਗ੍ਰਿਹਸਤੀ-ਜੀਵਨ ਲਈ ਪ੍ਰੇਰਣਾ-ਸ੍ਰੋਤ ਅਤੇ ਮਾਰਗ-ਦਰਸ਼ਕ ਹਨ । ਗੁਰੂ ਸਾਹਿਬ ਫੁਰਮਾਉਂਦੇ ਹਨ -

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।।

ਸਨਾਤਨ ਪਰੰਪਰਾ ਅਨੁਸਾਰ ਹਵਨ ਯੱਗ ਅਤੇ ਵੇਦੀ ਦਾ ਸੰਜੋਗ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮਤਿ ਅਨੰਦ ਮਰਿਯਾਦਾ ਦਾ ਆਧਾਰ ਬਣਾਇਆ - "ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ" ਗੁਰਵਾਕ ਅਨੁਸਾਰ ਜਿਸ ਕਾਰਜ ਦੇ ਅਰੰਭ ਵਿੱਚ ਹਵਨ ਯੱਗ ਹੋਵੇ ਉਹ ਕਾਰਜ ਸੋਭਾ ਪਾਉਂਦਾ ਹੈ, ਸਫਲ ਹੁੰਦਾ ਹੈ । ਸੁਗੰਧਿਤ ਵਸਤੂਆਂ (ਜੜੀਆਂ - ਬੂਟੀਆਂ ਆਦਿ) ਦੀ ਸਮੱਗਰੀ ਦੇਸੀ ਘਿਉ ਵਿਚ ਰਲਾ ਕੇ ਅਗਨੀ ਵਿਚ ਅਹੂਤੀਆਂ ਪਾਉਂਦਿਆਂ ਆਦਿ ਗੁਰੂ ਸਾਹਿਬ ਅਤੇ ਸ੍ਰੀ ਦਸਮ ਪਾਤਸ਼ਾਹ ਦੀਆਂ ਬਾਣੀਆਂ

ਦਾ ਪਾਠ ਕਰਕੇ ਹਵਨ ਕੀਤਾ ਜਾਂਦਾ ਹੈ ਉਪਰੰਤ ਇਸੇ ਹਵਨ ਕੁੰਡ ਦੀ ਪਵਿੱਤਰ ਅਗਨੀ ਦੁਆਲੇ ਲੜਕਾ-ਲੜਕੀ ਚਾਰ ਫੇਰੇ ਲੈਂਦੇ ਹਨ। ਅਗਨੀ ਦੁਆਲੇ ਫੇਰੇ ਲੈਣੇ, ਇਕ ਪ੍ਰਤਿਗਿਆ ਵੀ ਹੁੰਦੀ ਹੈ ਕਿ ਅਗਨੀ ਦੇਵ ਸਾਕਸ਼ੀ ਹੈ, ਇਸ ਤੋਂ ਬਿਨਾਂ ਕੋਈ ਵੀ ਸਾਡਾ ਇਹ ਸੰਜੋਗ ਤੋੜ ਨਹੀਂ ਸਕਦਾ - ਮਰਨ ਉਪਰੰਤ ਸਸਕਾਰ ਸਮੇਂ ਅਗਨੀ ਹੀ ਸਾਨੂੰ ਜੁਦਾ ਕਰ ਸਕਦੀ ਹੈ।

ਅਨੰਦ ਕਾਰਜ ਦੀ ਰਸਮ ਸਮੇਂ ਲਾਵਾਂ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਉਣ ਲਈ ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ ਕੀਤਾ ਜਾਂਦਾ ਹੈ। ਬਾਲਕ ਦੇ ਜਨਮ ਸਮੇਂ ਦੀ ਖੁਸ਼ੀਂ ਦੇ ਲਈ ਕੀਤੇ ਸਮਾਗਮ ਸਮੇਂ ਵੀ, ਅਨੰਦ ਕਾਰਜ ਸਮੇਂ ਵੀ ਅਤੇ ਕਿਸੇ ਸਰੀਰ ਦੇ ਝੜਾਈ ਕਰਨ ਸਮੇਂ ਵੀ ਇਹੋ ਨੌਵੇਂ ਮਹੱਲੇ ਦੇ ਸਲੋਕ ਹੀ ਪੜ੍ਹੇ ਜਾਂਦੇ ਹਨ। ਜਲ ਵਿੱਚ ਕਮਲ ਦੀ ਤਰ੍ਹਾਂ ਗ੍ਰਿਹਸਤ ਵਿਚ ਨਿਰਲੇਪ ਰਹਿਣ ਦੀ ਪ੍ਰੇਰਣਾ ਗੁਰੂ ਤੇਗ ਬਹਾਦਰ ਜੀ ਦੇ ਇਨ੍ਹਾਂ ਸਲੋਕਾਂ ਵਿੱਚੋਂ ਮਿਲਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭ ਕੀਤੀ ਗੁਰਮਤਿ ਅਨੰਦ ਮਰਿਯਾਦਾ ਵਿਚ ਮੰਗਨੀ, ਮੁਕਲਾਵਾ, ਠਾਕਾ, ਜੰਵ ਆਦਿ ਪ੍ਰਚਲਤ ਕੋਈ ਵੀ ਰਸਮਾਂ ਨਹੀਂ ਹਨ ਨਾ ਮੈਰਿਜ ਪੈਲੇਸ ਅਤੇ ਨਾ ਹੀ ਦਾਜ ਦਹੇਜ।

ਮੁੱਖ ਰੂਪ 'ਚ ਮੇਲਿਆਂ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਜਾਂ ਅੱਗੇ-ਪਿੱਛੇ ਵੈਸੇ ਵੀ ਸੰਗਤ ਵਿੱਚ ਹੀ ਆਦਿ ਕਾਰਜ ਹੁੰਦੇ ਹਨ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੌਰਾਨ ਹੀ ਸੰਗਤ ਦੇ ਮੱਧ ਵਿਚ ਹਵਨ ਯੱਗ ਹੁੰਦਾ ਹੈ। ਅੰਮ੍ਰਿਤ ਮਈ ਬਾਣੀ ਦਾ ਕੀਰਤਨ, ਹਵਨ ਦੀਆਂ ਬਾਣੀਆਂ ਦਾ ਪਾਠ ਅਤੇ ਹਵਨ ਯੱਗ ਦੀ ਸੁਗੰਧੀ ਦਾ ਸੁਮੇਲ '**ਸਾਧ ਸੰਗਤਿ ਬੈਕੁੰਠੈ ਆਹਿ**' ਦੀ ਸੋਭਾ ਰੂਪਮਾਨ ਹੁੰਦੀ ਹੈ। ਸਫੈਦ ਸਾਦੇ ਗੁਰਮੁਖੀ ਪਹਿਰਾਵੇ ਵਿਚ ਲੜਕਾ ਆ ਕੇ ਵਿਛੀ ਚਾਦਰ ਤੇ ਬੈਠ ਜਾਂਦਾ ਹੈ, ਲੜਕੀ ਵੀ ਜਿਸਨੇ ਕੋਈ ਗਹਿਣਾ ਨਹੀਂ ਪਹਿਨਿਆ ਹੁੰਦਾ ਸਾਦੇ ਸਫੈਦ ਬਸਤਰਾਂ ਵਿੱਚ ਮੰਡਪ ਵਿੱਚ ਹਾਜਰ ਹੋ ਕੇ ਲੜਕੇ ਦੇ ਗਲ ਵਿੱਚ ਉਨ ਦੀ ਮਾਲਾ ਪਾ ਕੇ, ਮੱਥਾ ਟੇਕ ਕੇ ਖੱਬੇ ਪਾਸੇ ਬੈਠ ਜਾਂਦੀ ਹੈ, ਗੰਢ ਚਿਤਰਾਵਾ (ਪੱਲਾ ਗੰਢਣਾ) ਕੀਤਾ ਜਾਂਦਾ ਹੈ। ਲੜਕੇ-ਲੜਕੀ ਨੇ ਜੇ ਕੋਈ ਗਹਿਣਾ ਪਹਿਨਿਆ ਹੁੰਦਾ ਹੈ ਤਾਂ ਉਹ ਕੇਵਲ ਹੱਥ ਵਿੱਚ ਕੜਾ ਅਤੇ ਗਲ ਵਿਚ ਉਨ ਦੀ ਮਾਲਾ। ਇਕ ਨਵਾਂ ਜੀਵਨ ਆਰੰਭ ਕਰਨ ਸਮੇਂ ਲੜਕੇ-ਲੜਕੀ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ, ਕੰਨ ਵਿੱਚ ਗੁਰਮੰਤ੍ਰ ਦੱਸਿਆ ਜਾਂਦਾ ਹੈ। ਜੰਵ ਦੇ ਰੂਪ ਵਿੱਚ ਜਾਂ ਰਿਸ਼ਤੇਦਾਰ ਸਮੁੱਚੀ ਸੰਗਤ ਹੀ ਹੁੰਦੀ ਹੈ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਲਾਵਾਂ ਦਾ ਪਾਠ ਅਤੇ ਹਵਨ ਕੁੰਡ ਦੀ ਅਗਨੀ ਦੁਆਲੇ ਚਾਰ ਫੇਰੇ। ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ - ਅਨੰਦ ਸਾਹਿਬ ਦਾ ਰਾਗੀ ਸਿੰਘਾਂ ਦੁਆਰਾ ਗਾਇਨ ਅਤੇ ਅਰਦਾਸ ਉਪਰੰਤ ਲੜਕੇ-ਲੜਕੀ ਨੂੰ ਅਤੇ ਸਮੂਹ ਸੰਗਤ ਨੂੰ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਗੰਢ ਚਿਤਰਾਵਾ ਖੋਲਣ ਉਪਰੰਤ ਲੜਕਾ-ਲੜਕੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕਰਦੇ ਹਨ। (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ ਇਹ ਵੀ ਮਰਿਯਾਦਾ ਦਾ ਹਿੱਸਾ ਬਣਾ ਦਿੱਤਾ ਸੀ ਕਿ ਅਨੰਦ ਕਾਰਜ ਸਮੇਂ ਲੜਕਾ-ਲੜਕੀ ਇਕ-ਇਕ ਰੁਪਏ

ਤੋਂ ਵੱਧ ਭੇਟਾ ਨਹੀਂ ਕਰਨਗੇ ਤਾਂ ਕਿ ਕਿਤੇ ਅਮੀਰ ਸਿੱਖ ਅਨੰਦ ਕਾਰਜ ਸਮੇਂ ਜ਼ਿਆਦਾ ਭੇਟਾ ਕਰੇ ਤਾਂ ਗਰੀਬ ਸਿੱਖ ਨੂੰ ਹੀਣ ਭਾਵ ਦਾ ਅਹਿਸਾਸ ਨਾ ਹੋਵੇ।)

ਨਾਮਧਾਰੀ ਸਮਾਜ ਵਿੱਚ ਪ੍ਰਚਲਤ ਇਹੋ ਹੀ ਅਨੰਦ ਕਾਰਜ ਦੀ ਪਹਿਲੀ ਤੇ ਆਖਰੀ ਰਸਮ ਹੈ ਜੋ ਕ੍ਰੀਬ ਇਕ ਘੰਟੇ ਵਿੱਚ ਸੰਪੂਰਨ ਹੋ ਜਾਂਦੀ ਹੈ। ਸੂਰਜ ਚੜ੍ਹਦੇ ਨਾਲ ਹੀ ਜਾਂ ਕਈ ਵੇਰ ਸੂਰਜ ਚੜ੍ਹਨ ਤੋਂ ਵੀ ਘੜੀ ਪਹਿਲੋਂ ਹੀ, ਜਦੋਂ ਅਜੇ ਬਹੁਤੀ ਦੁਨੀਆਂ ਸੁੱਤੀ ਹੁੰਦੀ ਹੈ, ਨਾਮਧਾਰੀ ਅਨੰਦ ਕਾਰਜ ਦੀ ਰਸਮ ਸੰਪੂਰਨ ਹੋ ਚੁੱਕੀ ਹੁੰਦੀ ਹੈ। ਜੀਵ-ਆਤਮਾ ਅਤੇ ਪਰਮਾਤਮਾ ਦੇ ਰੂਹਾਨੀ ਮਿਲਾਪ ਦੀ ਪ੍ਰੇਰਣਾ ਨਾਲ ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼ ਦਾ ਗੁਰਮਤਿ ਗਾਡੀ ਰਾਹ ਹੈ : ਸਹਜ - ਅਨੰਦ : ਗੁਰਮਤਿ ਅਨੰਦ ਮਰਿਯਾਦਾ।

ਹ. ਸ. 'ਸੇਵਕ'
ਸ੍ਰੀ ਭੈਣੀ ਸਾਹਿਬ

ਅਨੰਦ ਕਾਰਜ

1 ਜੂਨ, 1863 ਈ: ਸਿਆੜ ਵਿਖੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਵਾਲੇ ਮੇਲੇ ਤੋਂ ਆਰੰਭ ਹੋਇਆ ਇਹ ਇਸਤਰੀ ਹਿਤੂ ਅੰਦੋਲਨ, 1857 ਤੋਂ ਚਲਦੇ ਦੇਸ਼ ਭਗਤੀ ਅੰਦੋਲਨ ਨਾਲ ਜੁੜ ਕੇ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਛਾ ਗਿਆ। ਪੁਆਧ, ਦੁਆਬਾ, ਮਾਝਾ, ਮਾਲਵਾ, ਤਪਾ, ਬਾਰ, ਦੜਪ, ਪੋਠੋਹਾਰ ਆਦਿ ਵਿਚ ਨਾਮਧਾਰੀਆਂ ਦੇ ਚੰਗੇ ਜਿਊਂਦੇ ਟਿਕਾਣੇ ਬਣ ਗਏ ਅਤੇ ਗੁਰੂ ਰਾਮ ਸਿੰਘ ਜੀ ਦੇ ਪਰਚਾਰ-ਦੌਰਿਆਂ ਨਾਲ ਸਾਰਾ ਦੇਸ਼ ਜਿਵੇਂ ਸੁੱਤਿਓਂ ਜਾਗ ਪਿਆ। ਸਦਾਚਾਰ ਦੇ ਇਸ ਉਭਾਰ ਦੇ ਪਿੱਛੇ ਜੋ ਮਹਾਨ ਸ਼ਕਤੀ ਕੰਮ ਕਰ ਰਹੀ ਸੀ, ਜਥੇਬੰਦਕ ਕ੍ਰਾਂਤੀ - ਉਸ ਦਾ ਅੰਦਰੋਗਤੀ ਉਹਨਾਂ ਨੂੰ ਹੀ ਅੰਦਾਜ਼ਾ ਸੀ ਜਿਹੜੇ ਉਪਰਲੇ ਕੇਂਦਰ ਨਾਲ ਗੰਭੀਰ ਹੋ ਕੇ ਜੁੜੇ ਹੋਏ ਸਨ।

ਜਿਵੇਂ ਗੁਰਵਾਕ ਹੈ :

ਭਗਤਾ ਤੇ ਸੈਸਾਰੀਆ ਜੋੜ ਕਦੇ ਨ ਆਇਆ।

ਇੰਜ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਨ ਜਿਹੜੀਆਂ ਇਸਤਰੀਆਂ ਨੂੰ ਅੰਮ੍ਰਿਤ ਛਕਾਣ ਤੋਂ ਬਾਅਦ ਵੀ ਅਜੇ ਕਸੂਤੀਆਂ ਸਨ ਤੇ ਜਿਨ੍ਹਾਂ ਤੇ ਸੱਟ ਮਾਰਨੀ ਬਣਦੀ ਸੀ। ਜਿਵੇਂ ਲੋਕ ਮੜ੍ਹੀਆਂ ਗੋਰਾਂ ਵਿਚ ਵਿਸ਼ਵਾਸ, ਸਖੀ ਸਰਵਰਾਂ ਤੇ ਗੁੱਗਿਆਂ, ਵਡਾਰੂਆਂ ਤੇ ਮਾਤਾ ਦੀਆਂ ਚੌਕੀਆਂ ਭਰਨੀਆਂ। ਕੱਚੇ ਪੱਕੇ ਥਾਈਂ ਦੀਵੇ ਬਾਲਣੇ ਅਤੇ ਇਕ ਜਾਂ ਦੂਜੇ ਢੰਗ ਨਾਲ ਵਹਿਮਾਂ-ਭਰਮਾਂ ਦੇ ਸ਼ਿਕਾਰ ਬਣੇ ਹੋਏ ਸਨ।

ਨਾਮਧਾਰੀ ਤਾਂ ਨਾਮ ਲੈਂਦਿਆਂ ਹੀ ਚੁਅੱਖਰੇ ਭਜਨ ਤੇ ਬਾਣੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ-ਦੀਖਿਆ ਤੇ ਵਿਸ਼ਵਾਸ ਲਿਆ ਕੇ ਚੜ੍ਹਦੀ ਕਲਾ ਵਾਲੇ ਹੋ ਜਾਂਦੇ ਸਨ, ਪਰ ਆਮ ਲੋਕਾਂ ਵਿਚੋਂ ਵੀ ਮੜ੍ਹੀ ਪੂਜਾ ਆਦਿ ਵਹਿਮ ਦੂਰ ਕਰਨ ਲਈ ਇਕ ਮੁਹਿੰਮ ਚਲਾਈ ਗਈ, ਜਿਸ ਨਾਲ ਕਈਆਂ ਲੋਕਾਂ ਦੇ ਵਿਸ਼ਵਾਸ ਨੂੰ ਸੱਟ ਵੀ ਲਗੀ, ਪਰ ਬਹੁਤਿਆਂ ਦੀਆਂ ਅੱਖਾਂ ਵੀ ਖੁਲ੍ਹੀਆਂ ਕਿ ਜੇ ਨਾਮਧਾਰੀ ਤੀਵੀਆਂ-ਮਰਦਾਂ ਦੇ, ਮੜ੍ਹੀਆਂ-ਸਮਾਧਾਂ ਉਧੇੜਨ ਅਤੇ ਸਖੀ ਸਰਵਰਾਂ ਤੇ ਧਰੋਂਕਲਾਂ ਦੇ ਟੱਲ ਤੋੜ ਲਿਆਉਣ ਨਾਲ ਕੋਈ ਆਖਰ ਨਹੀਂ ਆਈ ਤਾਂ ਅਸੀਂ ਕਿਉਂ ਐਵੇਂ ਇਨ੍ਹਾਂ ਤੇ ਮੱਥੇ ਘਸਾਂਦੇ ਫਿਰੀਏ।

ਪਰ ਇਕ ਜਮਾਤ ਹੋਰ ਸੀ ਜੋ ਵੰਨ ਸੁਵੰਨੇ ਕਰਮ ਕਾਂਡ ਤੇ ਰੀਤੀਆਂ ਰਸਮਾਂ ਦੇ ਚੱਕਰ ਵਿੱਚ ਪਾ ਕੇ ਆਮ ਮਨੁੱਖ ਨੂੰ ਭਰਮ ਜਾਲ ਵਿਚ ਫਸਾਈ ਰੱਖਣ ਵਿਚ ਆਪਣਾ ਹਲਵਾ-ਮੰਡਾ ਚੱਲਦਾ ਰਖਣਾ ਚਾਹੁੰਦੀ ਸੀ - ਉਹ ਸੀ ਬ੍ਰਾਹਮਣ ਭਾਈਚਾਰਾ। ਕੀ ਹਿੰਦੂ ਤੇ ਕੀ ਸਿੱਖ, ਸਭਨਾਂ ਦੇ ਜੰਮਣੇ- ਮਰਨੇ ਤੇ ਵਿਆਹ-ਸ਼ਾਦੀਆਂ ਇਸ ਦੀ ਮਨਜ਼ੂਰੀ, ਸਲਾਹ ਅਤੇ ਕਰਮਕਾਂਡ ਨਾਲ ਹੁੰਦੇ ਸਨ।

ਵਿਆਹ ਛੋਟੀ ਉਮਰ ਦੇ ਤਾਂ ਆਮ ਸਨ ਹੀ, ਪਰ ਉਹਨਾਂ ਲਈ ਲਗਨ-ਸ਼ਗਨ ਵਿਚਾਰਨੇ, ਮਹੂਰਤ ਕੱਢਣੇ, ਟੇਵੇ ਬਣਾਣੇ, ਵੇਖਣੇ ਤੇ ਮੇਲਣੇ ਅਤੇ ਸਾਰੀ-ਸਾਰੀ ਰਾਤ ਦੇ ਵਿਆਹ ਸਿਸਟਮ ਨੂੰ ਵੀ ਗੁਰੂ ਰਾਮ ਸਿੰਘ ਜੀ ਨੇ ਚੋਟ ਮਾਰਨ ਯੋਗ ਸਮਝ, ਅੰਮ੍ਰਿਤਸਰ ਵੈਸਾਖੀ, ਬਿ: 1920 (13 ਅਪਰੈਲ 1863 ਈ:) ਤੇ ਮੁਖੀ ਨਾਮਧਾਰੀਆਂ ਨਾਲ ਮਸ਼ਵਰਾ ਕੀਤਾ।

ਬਾਬਾ ਜਵਾਹਰ ਸਿੰਘ, ਪੰਡਿਤ ਨਰੈਣ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਕਾਨ੍ਹ ਸਿੰਘ ਅਤੇ ਬਾਬਾ ਸੁੱਧ ਸਿੰਘ ਜੀ ਆਦਿ ਨਾਮਧਾਰੀ ਆਗੂ ਇਸ ਅਵਸਰ ਤੇ ਅੰਮ੍ਰਿਤਸਰ ਪਧਾਰੇ ਹੋਏ ਸਨ । ਇਹਨਾਂ ਇਸਤਰੀਆਂ ਨੂੰ ਅੰਮ੍ਰਿਤ ਛਕਾਣ ਤੇ ਹੋਰ ਸੁਧਾਰਾਂ ਦੇ ਪਰਚਾਰ ਤੇ ਪਰਭਾਵ ਦਾ ਵਿਸਥਾਰ ਪੂਰਣ ਵਿਸ਼ਲੇਸ਼ਣ ਕੀਤਾ ਅਤੇ ਅੰਤ ਉਤੇ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਕਿ ਜਦੋਂ ਆਦਿ ਗਰੰਥ ਸਾਹਿਬ ਜੀ ਵਿਚ ਚਾਰੇ ਲਾਵਾਂ ਮੌਜੂਦ ਹਨ, ਛੱਕੇ, ਛੰਤ ਅਤੇ ਪੌੜੀਆਂ ਆਦਿ ਹਨ ਤਾਂ ਕਿਉਂ ਨਾ ਵਿਆਹਾਂ ਨੂੰ ਬ੍ਰਾਹਮਣੀ ਜਕੜ 'ਚੋਂ ਕਢ ਕੇ ਸਿੱਧੇ ਸਾਦੇ ਢੰਗ ਨਾਲ ਆਪ ਹੀ ਕਰ ਲਿਆ ਜਾਇ । ਨਾਲ ਹੀ ਬਰਾਦਰੀਵਾਦ ਦੀਆਂ ਦੀਵਾਰਾਂ, ਜਿਨ੍ਹਾਂ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ ਤੇ ਵਰਣ ਭੇਦ ਦੀਆਂ ਵੰਡਾਂ ਤੋਂ ਲੈ ਕੇ ਅੰਦਰ ਹੀ ਅੰਦਰ ਹੋਰ ਛੋਟੀਆਂ ਛੋਟੀਆਂ ਘੁਰਨੀਆਂ ਨਾਲ ਤਕਸੀਮ ਕੀਤਾ ਹੋਇਆ ਸੀ, ਵੀ ਸਭ ਢਾਹ ਢੇਰੀ ਕਰਨ ਦਾ ਨਿਰਣਾ ਕੀਤਾ ਗਿਆ ।

ਜਦੋਂ ਇਸ ਪਰਕਾਰ ਦਾ ਵੈਸਾਖੀ ਦੇ ਦੀਵਾਨ ਵਿਚ ਐਲਾਨ ਹੋਇਆ ਤਾਂ ਉਤਸਾਹ ਦੀ ਇਹ ਸਿਖਰ ਸੀ ਕਿ ਬਾਰਾਂ ਪਰਵਾਰਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਪੇਸ਼ ਕਰ ਦਿਤਾ ਜਿਨ੍ਹਾਂ ਦੀਆਂ ਲੜਕੀਆਂ ਤੇ ਲੜਕੇ ਵਿਆਹੁਣ ਯੋਗ ਸਨ । ਸਭ ਤੋਂ ਪਹਿਲਾਂ ਪਿੰਡ ਧੂੜਕੋਟ ਜ਼ਿਲਾ ਫੀਰੋਜ਼ਪੁਰ ਦੇ ਭਾਈ ਜੋਗਾ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਸਤਿਗੁਰੂ ਰਾਮ ਸਿੰਘ ਜੀ ਦੀ ਇੱਛਾ ਅਨੁਸਾਰ ਕਰਨ ਦੀ ਬੇਨਤੀ ਕੀਤੀ । ਉਪਰੰਤ ਖੋਟੇ ਨਗਰ (ਫੀਰੋਜ਼ਪੁਰ) ਦੇ ਬਾਬਾ ਸਮੁੰਦ ਸਿੰਘ ਨੇ ਆਪਣੀ ਪੁੱਤਰੀ ਤੇ ਪੋਤਰੀ ਦੇ ਵਿਆਹ ਬਾਰੇ ਗੁਰੂ ਜੀ ਦੀ ਆਗਿਆ ਪਾਲਣ ਲਈ ਖੁਸ਼ੀ ਪਰਗਟ ਕੀਤੀ ।

ਭਾਈ ਜੋਗਾ ਸਿੰਘ ਜੀ ਨੇ ਧੂੜਕੋਟ ਵਿਖੇ ਅਨੰਦ-ਮੇਲਾ ਕਰਨ ਦੀ ਬੇਨਤੀ ਕੀਤੀ, ਪਰ ਸਮੁੰਦ ਸਿੰਘ ਜੀ ਨੇ ਨਾਲ ਆਏ ਹੋਰ ਸਜਣਾਂ ਨਾਲ ਸਲਾਹ ਮਸ਼ਵਰੇ ਪਿਛੋਂ ਸਤਿਗੁਰੂ ਜੀ ਨੂੰ ਅਗ੍ਰਹਿ ਕੀਤਾ ਕਿ ਇਹ ਪੁਰਾਣਾ ਵਿਆਹ-ਸਿਸਟਮ ਤੋੜ ਕੇ ਨਵੀਂ ਪਰਿਪਾਟੀ ਪਾਉਣ ਵਾਲਾ ਅਨੰਦ-ਮੇਲਾ ਉਹਨਾਂ ਦੇ ਪਿੰਡ ਖੋਟੀਂ ਹੀ ਕੀਤਾ ਜਾਵੇ । ਧੂੜ ਕੋਟ ਇਕ ਤਾਂ ਪਿੰਡ ਛੋਟਾ ਹੈ ਦੂਜੇ ਉਥੇ ਲੋੜੀਂਦੇ ਪ੍ਰਬੰਧ ਵੀ ਖਉਰੇ ਨਾ ਹੋ ਸਕਣ । ਖੋਟਿਆਂ ਵਾਲੇ ਤਾਂ ਸਾਧ ਸੰਗਤ ਅਤੇ ਜਾਵੀਆਂ-ਮਾਵੀਆਂ ਦੀ ਖੇਚਲ-ਖੱਬਲ ਵੀ ਝੱਲ ਲੈਣਗੇ ਅਤੇ ਹੋਰ ਵੀ ਔਖ-ਸੌਖ ਸਮੇਂ ਪਿੰਡ ਖੋਟਾ ਹੀ ਠੀਕ ਰਹੇਗਾ । ਨਾਲ ਦੇ ਪਿੰਡਾਂ ਦੇ ਨਾਮਧਾਰੀ ਵੀ ਏਸ ਸਮਾਗਮ ਤੇ ਹਰ ਤਰ੍ਹਾਂ ਇਮਦਾਦੀ ਹੋਣਗੇ । ਆਏ-ਗਏ ਦੀ ਸੇਵਾ ਕਰਨੀ ਵੀ ਸੁਖਾਲੀ ਹੋ ਜਾਵੇਗੀ ।

ਪਿੰਡ ਖੋਟਿਆਂ ਦਾ ਅਨੰਦ-ਮੇਲਾ

ਅੰਮ੍ਰਿਤਸਰ ਵੈਸਾਖੀ ਦੇ ਸਮੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਖੋਟਿਆਂ ਵਿੱਚ ਅਨੰਦ -ਮੇਲਾ ਕਰਨ ਦੀ ਆਗਿਆ ਦੇ ਦਿਤੀ ਤੇ ਦਿਨ ਮੁਕੱਰਰ ਕਰ ਦਿਤਾ । ਜੇਠ ਸੁਦੀ 10, 1920 ਬਿ: (3 ਜੂਨ 1863) । ਵੈਸਾਖੀ ਤੋਂ ਪਿੰਡਾਂ ਨੂੰ ਪਰਤਦੇ ਨਾਮਧਾਰੀਆਂ ਨੇ ਸਮਾਜ ਸੁਧਾਰ ਦੀ ਇਸ ਨਵੀਂ ਰੀਤੀ ਦਾ ਜ਼ਿਕਰ ਆਪਣੇ ਆਪਣੇ ਇਲਾਕਿਆਂ ਵਿੱਚ ਖੂਬ ਕੀਤਾ । ਪਿੰਡ ਪਿੰਡ ਖਬਰ ਧੁੰਮ ਗਈ ਕਿ ਕੂਕੇ ਨਵੇਂ ਢੰਗ ਦੇ ਵਿਆਹ ਕਰਨ ਲਗੇ ਹਨ । ਬ੍ਰਾਹਮਣਾਂ ਤੋਂ ਬਿਨਾਂ ਆਪੇ ਹੀ ਸਾਹੇ ਸੋਧ ਕੇ ਆਪੇ ਹੀ ਵਿਆਹ ਕਰਨਗੇ ।

ਏਧਰ ਬਾਬਾ ਸਮੁੰਦ ਸਿੰਘ ਤੇ ਹੋਰ ਨਾਮਧਾਰੀਆਂ ਨੇ ਰਸਤ-ਬਸਤ ਇਕੱਤਰ ਕਰਨ ਤੋਂ ਬਿਨਾਂ ਲੋਕ ਰਾਇ ਬਣਾਣ ਦੀ ਕੋਸ਼ਸ਼ ਵੀ ਕੀਤੀ ਅਤੇ ਹਰ ਤਰ੍ਹਾਂ ਦਾ ਪਰਬੰਧ ਕਰ ਲਿਆ ਕਿ ਅਨੰਦ ਕਾਰਜਾਂ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ, ਪਰ ਬਾਬਾ ਜੀ ਦੇ ਆਪਣੇ ਤੇ ਹੋਰ ਵੱਡੇ ਘਰਾਣਿਆਂ ਦੇ ਬ੍ਰਾਹਮਣਾਂ ਨੇ ਆ ਕੇ ਬਾਬਾ ਜੀ ਨੂੰ ਡਰਾਇਆ ਧਮਕਾਇਆ :

(1) ਪਹਿਲਾਂ ਤਾਂ ਬ੍ਰਾਹਮਣੀ ਢੰਗ ਤੋਂ ਬਾਹਰੇ ਕੋਈ ਵਿਆਹ, ਵਿਆਹ ਹੀ ਨਹੀਂ ਹੋਣਗੇ ਕਿਉਂਕਿ ਸ਼ਾਸਤਰ ਮਰਿਆਦਾ ਅਦਾ ਕਰਨ ਤੋਂ ਬਿਨਾਂ ਲੜਕੀ ਲੜਕੇ ਦਾ ਵਿਆਹ ਹੋ ਹੀ ਨਹੀਂ ਸਕਦਾ। ਜੋ ਵੀ ਤਰੀਕਾ ਵਰਤਿਆ ਜਾਵੇਗਾ ਉਹ ਗੈਰ ਕਾਨੂੰਨੀ ਹੋਵੇਗਾ। ਜੇ ਅਜਿਹੇ ਵਿਆਹ ਤੋਂ ਕੋਈ ਸੰਤਾਨ ਹੋਈ ਤਾਂ ਉਹ ਵੀ ਕਾਨੂੰਨੀ ਨਹੀਂ ਹੋਵੇਗੀ।

(2) ਦੂਸਰੇ, ਤੁਹਾਡੀ ਇਹ ਨਿਰਾਲੀ ਰੀਤ ਸਾਡੀ ਸਾਰੀ ਬਰਾਦਰੀ ਨਾਲ ਅਨਿਆਇ ਹੋਵੇਗਾ। ਇਸ ਤਰ੍ਹਾਂ, ਜੇ ਸਿੱਖਾਂ ਨੇ ਸਾਥੋਂ ਵਿਆਹ ਕਰਵਾਣੇ ਬੰਦ ਕਰ ਦਿਤੇ ਤਾਂ ਅਸੀਂ ਖਾਵਾਂਗੇ ਕਿਥੋਂ ? ਸਾਡਾ ਤਾਂ ਨਿਰਬਾਹ ਹੀ ਜਜਮਾਨਾਂ ਦੇ ਸਿਰ ਉਤੇ ਹੈ।

(3) ਤੀਜੇ, ਜੇ ਤੁਸੀਂ ਨਵੇਂ ਢੰਗ ਦੇ ਵਿਆਹ ਕਰਨ ਤੇ ਬਜ਼ਿਦ ਹੀ ਹੋਏ ਤਾਂ ਅਸੀਂ ਤੁਹਾਡੇ ਸਿਰ ਚੜ੍ਹ ਕੇ ਮਰ ਜਾਵਾਂਗੇ ਤੇ ਬ੍ਰਹਮ ਹੱਤਿਆ ਦਾ ਪਾਪ ਤੁਹਾਨੂੰ ਤੇ ਤੁਹਾਡੇ ਗੁਰੂ ਨੂੰ ਲਗੇਗਾ।

ਪਰਸਪਰ ਗੱਲਾਂ-ਬਾਤਾਂ ਤੇ ਸਮਝ-ਸਮਝਾਈ ਤਾਂ ਚਲਦੀ ਰਹੀ, ਪਰ ਕੋਈ ਧਿਰ ਵੀ ਟੱਸ ਤੋਂ ਮੱਸ ਨਾ ਹੋਈ।

ਵੈਸਾਖੀ ਤੋਂ ਹਟਦਿਆਂ ਹੋਇਆਂ ਸਤਿਗੁਰੂ ਜੀ ਆਪਣੇ ਜਥੇ ਸਮੇਤ ਜਲੰਧਰ ਅਤੇ ਕਪੂਰਥਲਾ (ਉਦੋਂ ਰਿਆਸਤ) ਜ਼ਿਲਿਆਂ 'ਚੋਂ ਗੁਰਮਤ ਪਰਚਾਰ ਕਰਦੇ ਫਿਰੋਜ਼ਪੁਰ ਜ਼ਿਲੇ ਵਿਚ ਆ ਗਏ ਤੇ ਮਿਥੇ ਹੋਏ ਦਿਨ 2 ਜੂਨ 1863 ਨੂੰ ਖੋਟੇ ਨਗਰ ਵਿਚ ਪਹੁੰਚ ਗਏ। ਨਾਮਧਾਰੀਆਂ ਨੇ ਬਾਬਾ ਸਮੁੰਦ ਸਿੰਘ ਦੀ ਜ਼ਬਾਨੀ ਸਾਰੀ ਹਾਲਤ ਦੱਸੀ।

ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੀ ਤਾਕਤ ਵੀ ਤੋਲੀ ਤੇ ਵਿਆਹ ਦੀ ਥਾਂ ਤੇ ਆਨੰਦ ਕਾਰਜ ਕਰਨ ਵਾਲੇ ਅਗਵਾਈ ਯੋਗ ਨਾਮਧਾਰੀਆਂ ਨੂੰ ਵੀ ਟੋਹਿਆ। ਏਥੇ ਛੇ ਜੋੜਿਆਂ ਦੇ ਆਨੰਦ ਕਾਰਜ ਹੋਣੇ ਸਨ। ਲੜਕੀਆਂ ਅਤੇ ਲੜਕਿਆਂ ਵਾਲੇ ਪੂਰੀ ਤਿਆਰੀ ਵਿੱਚ ਆਏ ਹੋਏ ਸਨ। ਸਮਝੋ ਛੇ ਜੰਞਾਂ ਸੁਭਾਵਕ ਤੌਰ ਤੇ ਇਕੋ ਪਿੰਡ ਢੁੱਕੀਆਂ ਹੋਈਆਂ ਸਨ, ਪਰ ਇਹ ਜੰਞਾਂ ਗੁਰਮੁਖਾਂ ਦੀਆਂ ਸਨ ਜਿਨ੍ਹਾਂ ਵਾਸਤੇ ਗੁਰੂ ਕੇ ਲੰਗਰੋਂ ਵਾਧੂ ਕਿਸੇ ਉਚੇਚ ਦੀ ਲੋੜ ਨਹੀਂ ਸੀ ਅਤੇ ਜਿਨ੍ਹਾਂ ਵਿਛੇ ਹੋਏ ਮੰਜਿਆਂ-ਪਲੰਘਾਂ ਦੀ ਥਾਂ ਪਰਾਲੀ ਉਤੇ ਵਿਛਾਈਆਂ ਕਰ ਕੇ ਹੀ ਆਰਾਮ ਕਰ ਲੈਣਾ ਸੀ। ਜਿਨ੍ਹਾਂ ਸ਼ਰਾਬ ਪੀ ਕੇ ਗੰਦ-ਮੰਦ ਨਹੀਂ ਸੀ ਬੋਲਣਾ ਸਗੋਂ ਭਜਨ ਕਰਨਾ ਤੇ ਗੁਰਬਾਣੀ ਦੇ ਸ਼ਬਦ ਪੜ੍ਹਦਿਆਂ ਹੀ ਸਮੇਂ ਨੂੰ ਸੁਭਾਇਮਾਨ ਕਰਨਾ ਸੀ।

ਵਿਆਹਾਂ ਨੂੰ ਆਨੰਦ ਕਾਰਜਾਂ ਦੇ ਰੂਪ ਵਿਚ ਬਦਲਿਆ ਜਾਣ ਦੀ ਪਹਿਲੀ ਰਸਮ ਅਦਾ ਹੋਣ ਮਾਹੌਲ ਵਿਚ ਕਾਫੀ ਗਰਮੀ ਆ ਗਈ। ਪਿੰਡ ਦੇ ਲੋਕ ਅਤੇ ਬਾਹਰੋਂ ਆ ਜੁੜੇ ਤਮਾਸ਼ਬੀਨ ਭਾਂਤ ਸੁਭਾਂਤੀਆਂ ਗੱਲਾਂ ਕਰ ਰਹੇ ਸਨ। ਏਧਰ ਬ੍ਰਾਹਮਣ ਬਰਾਦਰੀ ਦੇ ਭਾ

ਦੀਆਂ ਬਣੀਆਂ ਹੋਈਆਂ ਸਨ। ਉਹਨਾਂ ਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਹ ਇਸ ਰੀਤੀ-ਭੰਗ ਨੂੰ ਹੋੜਨ ਲਈ ਕੀ ਹੀਲਾ ਵਸੀਲਾ ਵਰਤਣ। ਤਾਂ ਵੀ ਉਹ ਮੂੰਹ ਆਈਆਂ ਕਰਨ-ਕਰਾਣ ਲਗੇ ਅਤੇ ਸੜ-ਮਰਨ ਤੱਕ ਦੇ ਡਰਾਵੇ ਦੇਂਦੇ ਗਲੀਆਂ ਵਿਚ ਘੁੰਮਣ ਲੱਗੇ।

ਨਾਮਧਾਰੀ ਸਮੁੱਚੇ ਤੌਰ ਤੇ ਉਤਸ਼ਾਹ ਵਿਚ ਸਨ ਕਿਉਂ ਕਿ ਜਿਵੇਂ ਉਹ ਪਿਛਲੇ ਛਿਆਂ ਸਾਲਾਂ ਤੋਂ ਇਕ ਤੋਂ ਅਨੇਕ ਹੁੰਦੇ ਚਲੇ ਆ ਰਹੇ ਸਨ ਤੇ ਸਭ ਆਲ-ਜੰਜਾਲ ਛਾਂਗਦੇ ਚਲੇ ਜਾ ਰਹੇ ਸਨ ਇਸ ਗੱਲ ਨੇ ਉਹਨਾਂ ਦੇ ਹੌਂਸਲੇ ਕਾਫੀ ਉਚੇ ਕੀਤੇ ਹੋਏ ਸਨ ਅਤੇ ਨਾਲੇ ਉਹ ਸਮਝਦੇ ਸਨ ਕਿ ਉਹਨਾਂ ਦੀ ਆਪਣੀ ਸੰਗਤ ਵਿਚ ਜੋ ਵੀ ਤਬਦੀਲੀਆਂ ਵਾਪਰਨ, ਇਹਨਾਂ ਨਾਲ ਕਿਸੇ ਨੂੰ ਕੀ।

ਸਤਿਗੁਰੂ ਰਾਮ ਸਿੰਘ ਜੀ ਦੇ ਉੱਦਮ ਅਤੇ ਪਰੇਰਣਾ ਨਾਲ ਨਾਮਧਾਰੀਆਂ ਨੇ ਹੁਣ ਤਕ ਪੰਜਾਬ ਦੇ ਅਨੇਕਾਂ ਪਿੰਡਾਂ ਦੀਆਂ ਧਰਮਸ਼ਾਲਾਵਾਂ ਵਿੱਚੋਂ ਗ੍ਰੰਥੀ ਸਿੰਘਾਂ ਵਲੋਂ ਬੇਪਰਵਾਹੀ ਕਾਰਨ ਸਿਉਂਕ - ਖਾਧੀਆਂ ਆਦਿ ਬੀੜਾਂ ਨੂੰ ਉਠਾ ਕੇ, ਸਾਫ ਕਰ ਕੇ ਲੋਕਾਂ ਨੂੰ ਗੁਰਬਾਣੀ ਦਾ ਅਦਬ ਤੇ ਪਾਠ ਕਰਨਾ ਸਿਖਾਇਆ ਸੀ। ਉਸ ਸਮੇਂ ਛਾਪੇ ਦੀਆਂ ਬੀੜਾਂ ਤਾਂ ਹੈ ਹੀ ਨਹੀਂ ਸਨ। ਬੜੀ ਮੁਸ਼ਕਲ ਨਾਲ ਕੁਝ ਲੋਕ ਹੱਥੀਂ ਲਿਖ ਕੇ ਗੁਰਬਾਣੀ ਦੀਆਂ ਪੋਥੀਆਂ ਤਿਆਰ ਕਰਦੇ ਅਤੇ ਫਿਰ ਮੁਨਾਸਬ ਭੇਟਾ ਲੈ ਕੇ ਪਿੰਡ ਵਾਲਿਆਂ ਜਾਂ ਗੁਰੂ ਸਵਾਰੇ ਪ੍ਰੇਮੀਆਂ ਨੂੰ ਦੇ ਦਿੰਦੇ। ਪਰ ਪਿਛਲੇ 20-25 ਸਾਲ ਦੇ ਦੌਰਾਨ ਸਿੱਖੀ ਦੀ ਪਤਨ ਵਲ ਜਾਂਦੀ ਹਾਲਤ ਨੇ ਗੁਰਬਾਣੀ ਵਲੋਂ ਸਿਖਰ ਦੀ ਬੇਧਿਆਨੀ ਕਰ-ਕਰਵਾ ਦਿਤੀ ਸੀ।

ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਨੂੰ, ਜੋ ਗੁਰਮੁਖੀ ਅੱਖਰ ਜਾਣਦੇ ਸਨ, ਪੰਜ ਪੱਤਰੇ ਰੋਜ਼ਾਨਾ ਨੇਮ ਨਾਲ ਪੜ੍ਹਨ ਦੀ ਪਰਿਪਾਟੀ ਚਲਾਈ ਤੇ ਅਨਪੜ੍ਹਾਂ ਨੂੰ ਗੁਰਮੁਖੀ ਅੱਖਰ ਪੜ੍ਹਨੇ ਜ਼ਰੂਰੀ ਕਰ ਦਿਤੇ। ਇਸ ਲਈ ਨਾਮਧਾਰੀਆਂ ਨੂੰ ਸ੍ਰੀ ਆਦਿ ਗਰੰਥ ਦੀ ਬਾਣੀ ਦਾ ਸਾਰ-ਤੱਤ ਅਤੇ ਪੜ੍ਹਨ ਪੜ੍ਹਾਣ ਆਉਂਦਾ ਸੀ।

ਨਾਮਧਾਰੀਆਂ ਨੂੰ ਗੁਰਬਾਣੀ ਦਾ ਪਾਠ ਤੇ ਗੁਰੂ ਦੀ ਹੋਂਦ ਇਕ ਅਜਿਹੀ ਸਮੱਗਰੀ ਮਿਲ ਗਈ ਸੀ ਕਿ ਉਹਨਾਂ ਦੇ ਜੀਵਨ ਵਿੱਚ ਖੁਲ੍ਹ-ਖੁਲ੍ਹ ਜਾਂਦੀਆਂ। ਉਹਦੇ ਸ਼ਬਦਾਂ ਦਾ ਭਾਵ-ਅਰਥ, ਉਹਦੀ ਬੋਲੀ ਦੀ ਮਿਠਾਸ ਅਤੇ ਆਤਮ ਪਰਮਾਤਮ ਦੇ ਭੇਦ ਮਿਟਾਣ ਵਾਲੀ ਵਿਆਖਿਆ - ਇਹ ਸਭ ਚੀਜ਼ਾਂ ਉਹਨਾਂ ਨੂੰ ਪਿਉ-ਦਾਦੇ ਦਾ ਗੁਪਤ ਖਜ਼ਾਨਾ ਦਰਸਾਂਦੀਆਂ ਸਨ ਅਤੇ ਅੱਜ ਗੁਰਬਾਣੀ ਦੀਆਂ ਲਾਵਾਂ ਨਾਲ ਵਿਆਹ - ਕਾਰਜ ਨੇ ਅਨੰਦ-ਕਾਰਜ ਵਿਚ ਬਦਲ ਜਾਣਾ ਸੀ। ਸਿੱਖਾਂ ਅੰਦਰ ਵਿਸ਼ੇਸ਼ ਚਾਉ ਸੀ।

ਦੂਜੇ ਪਾਸੇ ਬ੍ਰਾਹਮਣਾਂ ਵਾਸਤੇ ਕਾਫੀ ਪਰੇਸ਼ਾਨੀ ਸੀ। ਉਹਨਾਂ ਨੰਬਰਦਾਰਾਂ, ਜ਼ੈਲਦਾਰਾਂ ਤੇ ਸਫੈਦਪੋਸ਼ਾਂ ਆਦਿ ਦੀ ਮਦਦ ਲਈ, ਪਰ ਸਮੁੱਚੇ ਤੌਰ ਤੇ ਸਤਿਗੁਰੂ ਅਤੇ ਸੰਗਤ ਦਾ ਅਜਿਹਾ ਪੁੰਨ ਪਰਤਾਪ ਸੀ ਕਿ ਕਿਸੇ ਦੀ ਦਾਲ ਗਲਦੀ ਨਹੀਂ ਸੀ ਜਾਪਦੀ।

3 ਜੂਨ, 1863

ਤਿੰਨ ਵਜੇ ਤੜਕੇ ਹੀ ਖੋਟਿਆਂ ਪਿੰਡ ਦੇ ਖੂਹਾਂ ਤੇ ਰੌਣਕ ਲਗ ਗਈ। ਭੌਣੀਆਂ-ਡੋਲ ਖੜਕਣ ਲਗੇ। ਜਲ ਪਰਮੇਸ਼ਰ ਦੇ ਗੜਵੇ ਸਿਰਾਂ ਵਿਚ ਉਲੱਦਦਿਆਂ ਹੀ ਨਾਮਧਾਰੀਆਂ ਵਲੋਂ "ੴ ਸਤਿਨਾਮੁ ਕਰਤਾ ਪੁਰਖੁ, ਨਿਰਭਉ, ਨਿਰਵੈਰੁ" ਸ਼ੁਰੂ ਹੋ ਜਾਂਦਾ ਤੇ ਜਿਨ੍ਹਾਂ ਨੂੰ ਬਾਣੀ ਨਹੀਂ ਸੀ ਪੜ੍ਹਨੀ ਆਉਂਦੀ ਉਹ ਚੁਅੱਖਰੇ ਭਜਨ ਲਈ ਮੂੰਹ ਹਿਲਾਣ ਲਗ ਪੈਂਦੇ।

ਇਸ ਵੇਲੇ ਗੁਰਬਾਣੀ ਦੀਆਂ ਇਹ ਤੁਕਾਂ ਰੂਪਮਾਨ ਹੋ ਰਹੀਆਂ ਸਨ :

ਭਿੰਨੀ ਰੈਨੜੀਏ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਨ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥

ਆਸਾ ਦੀ ਵਾਰ ਦੇ ਕੀਰਤਨ ਲਈ ਜਿਹੜਾ ਥਾਂ ਮੁਕੱਰਰ ਸੀ, ਇਸ਼ਨਾਨ ਕਰ ਕਰ ਸੰਗਤਾਂ ਉਥੇ ਆਉਣ ਅਤੇ ਆਦਰ ਪੂਰਵਕ, ਕੀਰਤਨੀਆਂ ਨੂੰ ਸਿਰ ਝੁਕਾ ਕੇ, ਮੁਨਾਸਬ ਜਗਹ ਤੇ ਬੈਠਣ ਲਗੀਆਂ । ਦੀਵਾਨ ਵਿਚ ਇਕ ਪਾਸੇ ਰਾਗੀ ਸੱਜਣ ਆਸਾ ਦੀ ਵਾਰ ਦਾ ਸਵੇਰ ਦੇ ਰਾਗਾਂ ਵਿਚ ਗਾਇਨ ਕਰ ਰਹੇ ਸਨ ਦੂਜੇ ਪਾਸੇ ਗੁਰੂ ਰਾਮ ਸਿੰਘ ਜੀ ਦਾ ਆਸਣ ਵਿਛ ਗਿਆ । ਸਮੇਂ ਸਿਰ ਸਤਿਗੁਰੂ ਰਾਮ ਸਿੰਘ ਜੀ ਵੀ ਜੈਕਾਰਿਆਂ ਦੀ ਧੁਨ ਵਿਚ ਦੀਵਾਨ ਸਥਾਨ ਪਹੁੰਚ ਗਏ । ਆਪਦੇ ਆਸਣ ਤੇ ਸੁਸ਼ੋਭਤ ਹੁੰਦਿਆਂ ਹੀ ਸੇਵਕ ਸਿੱਖ ਭੇਟਾ ਧਰ ਧਰ ਨਮਸਕਾਰ ਕਰਨ ਲਗੇ ।

ਗੁਰਬਾਣੀ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ, ਗੁਰਬਾਣੀ ਦੀ ਸਾਰ ਜਾਣਨ ਵਾਲੇ ਸੁਣਦੇ ਵੇਖਦੇ ਝੂੰਮ-ਝੂੰਮ ਉਠਦੇ ।

ਪੰਡਾਲ ਵਿਚ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਕਾਰਲੇ ਖੁਲ੍ਹੇ ਥਾਂ ਵਿਚ ਇਕ ਜਗਹ ਹਵਨ-ਕੁੰਡ ਬਵਾਇਆ ਗਿਆ । ਸੁੱਚੇ, ਸਫੈਦ ਬਸਤਰਾਂ ਵਿਚ ਇਸ਼ਨਾਨ ਕੀਤੇ ਸੱਤ ਸਿੰਘ ਕਮਰ ਕੱਸੇ ਲਈ ਕੁੰਡ ਦੁਆਲੇ ਘਾਹ-ਪਰਾਲੀ ਆਦਿ ਵਿਛਾ ਕੇ ਆਸਣਾਂ ਉਪਰ ਬੈਠ ਕੇ ਅੰਮ੍ਰਿਤ ਅਤੇ ਹਵਨ ਦੀਆਂ ਬਾਣੀਆਂ ਪੜ੍ਹਨ ਲਗੇ । ਵਿਆਹ-ਢੰਗ ਨੂੰ ਅਨੰਦ ਕਾਰਜ ਵਿਚ ਬਦਲਣ ਲਈ ਹਵਨ ਕਰਨ ਦੀ ਮਰਿਆਦਾ ਨੂੰ ਸੋਧ ਲਿਆ ਗਿਆ । ਵੇਦ ਮੰਤਰਾਂ ਦੀ ਥਾਏਂ (1) ਚਉਪਈ ਪਾਤਸ਼ਾਹੀ 10: ਪੁਨਿ ਰਾਛਸ ਕਾ ਕਾਟਾ ਸੀਸਾ, (2) ਜਪੁ (3) ਜਾਪੁ (ਪਾ:10), (4) ਚੰਡੀ ਚਰਿੱਤਰ (ਪਾ:10) (5) ਅਕਾਲ ਉਸਤਤ ਬਾਣੀਆਂ ਪੜ੍ਹੀਆਂ ਗਈਆਂ । ਛੇਵਾਂ ਸਰੀਰ, ਬੇਰੀ ਦੀਆਂ ਜਾਂ ਪਲਾਹ ਦੀਆਂ ਛੋਟੀਆਂ- ਛੋਟੀਆਂ ਕੀਤੀਆਂ ਲੱਕੜਾਂ ਹਵਨ ਕੁੰਡ ਵਿਚ ਟਿਕਾ ਉਪਰ ਸਮੱਗਰੀ ਦੀਆਂ ਅਹੂਤੀਆਂ ਪਾਉਂਦਾ ਅਤੇ ਸੱਤਵਾਂ ਸੁੱਚੇ ਜਲ ਦਾ ਛੱਟਾ ਦੇ ਕੇ ਅਗਨੀ ਨੂੰ ਭੜਕਾਂਦਾ । ਇਹ ਦੋਵੇਂ ਸਿੰਘ ਚੁਅੱਖਰਾ ਭਜਨ ਕਰਦੇ ਕਰਦੇ ਆਪਣੀ ਡਿਉਟੀ ਨਿਭਾਂਦੇ ।

ਸਾਰਾ ਵਾਤਾਵਰਣ ਖੁਸ਼ਬੂਦਾਰ ਹੋ ਗਿਆ ਕਿਉਂ ਕਿ ਹਵਨ ਵਿਚ ਪੈ ਰਹੀ ਸਮੱਗਰੀ ਵਿਚ ਸਾਰੀਆਂ ਵਸਤਾਂ ਦੀ ਸੁਗੰਧੀ ਐਸੀ ਸੀ ਜੋ ਅਗਨੀ ਦੁਆਰਾ ਜਲਦਿਆਂ ਆਲੇ-ਦੁਆਲੇ ਅਤੇ ਅਕਾਸ਼ ਮੰਡਲ ਅੰਦਰ ਇਕ ਸ਼ੁੱਧਤਾ ਸੰਚਾਰ ਕਰ ਰਹੀ ਸੀ । (ਹਵਨ ਸਮੱਗਰੀ ਵਿਚ ਹੇਠ ਲਿਖੀਆਂ ਚੀਜ਼ਾਂ ਸੰਭਵ ਮਿਕਦਾਰ ਵਿੱਚ ਪਾਈਆਂ : ਚੰਦਨ, ਸੁਰਖ, ਚੰਦਨ ਸਫੈਦ, ਛੜ, ਮੁਥਰਾ, ਇੰਦਰ ਜੌਂ, ਭੋਜ ਪੱਤਰ, ਸੁਪਾਰੀ, ਦਾਖ, ਛੁਹਾਰੇ, ਖੋਪਾ ਗਰੀ, ਬਾਦਾਮ, ਗੁੱਗਲ, ਕੇਸਰ, ਮੁਸ਼ਕ ਕਾਫੂਰ, ਲੌਂਗ, ਤਿਲ ਦੇਸੀ ਜੌਂ, ਕਸਤੂਰੀ, ਸੰਧੂਰ, ਇਲਾਇਚੀ ਛੋਟੀ, ਘਿਉ ਅਤੇ ਖੰਡ) ।

ਦਰਸ਼ਕਾਂ ਉਤੇ ਇਸ ਮਰਿਆਦਾ ਦਾ ਵੱਖ-ਵੱਖ ਪ੍ਰਭਾਵ ਪੈ ਰਿਹਾ ਸੀ । ਸਾਤਵਿਕ ਲੋਕਾਂ ਨੂੰ ਇਹ ਸਭ ਕੁਝ ਸਤਿਜੁਗੀ, ਦੈਵੀ ਤੇ ਪਿਆਰਾ-ਪਿਆਰਾ ਲਗਦਾ ਸੀ । ਰਾਜਸੀ

ਲੋਕਾਂ ਨੂੰ ਇਸ ਸਭ ਕਾਸੇ ਪਿਛੇ ਕੋਈ ਚਾਲ ਛਿਪੀ ਹੋਈ ਜਾਪਦੀ ਸੀ, ਪਰ ਤਾਮਸੀ ਲੋਕਾਂ ਨੂੰ ਇਹ ਨਜ਼ਾਰਾ ਪਖੰਡ ਪੂਰਣ ਲਗ ਰਿਹਾ ਸੀ ਅਤੇ ਉਹ ਈਰਖਾ ਨਾਲ ਵੀ ਸੜ ਰਹੇ ਸਨ। ਸਵੇਰ ਦਾ ਸੁਹਾਵਣਾ ਤੇ ਸੁਖਦਾਈ ਸਮਾਂ ਬ੍ਰਾਹਮਣਾਂ ਦੇ ਅੰਦਰ ਕਰੋਧ ਦੇ ਭਾਂਬੜ ਬਾਲ-ਬਾਲ ਪਰਚੰਡ ਕਰ ਰਿਹਾ ਸੀ।

ਸੂਰਜ-ਦਰਸ਼ਨ ਹੁੰਦਿਆਂ ਹੀ ਆਸਾ ਦੀ ਵਾਰ ਦੀ ਸਮਾਪਤੀ ਹੋ ਗਈ। ਤਦ ਤੱਕ ਸ੍ਰੀ ਆਦਿ ਗਰੰਥ ਜੀ ਦੀ ਬੀੜ ਵੀ ਲੈ ਆਂਦੀ ਗਈ, ਅਤੇ ਛੇ ਜੋੜੇ, ਅਨੰਦ ਕਾਰਜ ਹੋਣ ਵਾਲੇ ਬੱਚਿਆਂ ਦੇ ਵੀ ਸਫੈਦ ਵਿਛਾਈ ਕੀਤੀ ਹੋਈ ਜਗਹ ਤੇ ਆ ਬੈਠੇ। ਤਦੇ ਖਬਰ ਜੁ ਗੁੱਸੇ ਵਿਚ ਆਏ ਪੰਜ-ਸੱਤ ਬ੍ਰਾਹਮਣ ਵੀ ਰੌਲਾ-ਰਪਾ ਪਾਂਦੇ ਹੋਏ ਦੀਵਾਨ ਸਥਾਨ ਵਿਚ ਆ ਗਏ।

ਸਿੱਖਾਂ ਰੋਕਿਆ : ਦਰਸ਼ਨ ਕਰੋ, ਪਰ ਖੱਪ ਨਾ ਪਾਉ।

ਉਹ ਮੁਤਾਣੇ ਹੋਏ ਪੰਡਾਲ ਦੇ ਦਰਮਿਆਨ ਆ ਗਏ। ਸੰਗਤ ਸ਼ਾਂਤ ਸੁਣ ਵੇਖ ਰਹੀ ਸੀ। ਵਿਆਹ ਕਰਵਾਣ ਵਾਲੇ ਜੋੜੇ ਉਤਸੁਕ ਸਨ। ਜਾਂਞੀ ਹਰ ਹਾਲਤ ਦਾ ਟਾਕਰਾ ਕਰਨ ਲਈ ਤਿਆਰ ਸਨ। ਸਤਿਗੁਰੂ ਜੀ ਅਗੇ ਫਰਿਆਦ ਹੋਈ :

"ਤੁਸੀਂ ਸਾਡਾ ਅੱਗਾ ਕਿਉਂ ਮਾਰਨ ਲਗੇ ਹੋ। ਜੇ ਲੋਕਾਂ ਨੇ ਇਕ ਇਕ ਕਰ ਕੇ ਸਾਡੇ ਕਰਨ ਵਾਲੇ ਕਾਰਜ ਆਪ ਹੀ ਕਰਨੇ ਸ਼ੁਰੂ ਕਰ ਦਿੱਤੇ ਤਾਂ ਸਾਡੀ ਰੋਟੀ ਦਾ ਕੀ ਬਣੇਗਾ ?"

ਸਤਿਗੁਰੂ ਜੀ ਨੇ ਸਮਝਾਇਆ : "ਸੱਜਣੋਂ ! ਤੁਸੀਂ ਬ੍ਰਾਹਮਣ ਆਪਣੇ ਉਤਮ ਕਰਮਾਂ ਅਤੇ ਵਧੀਆ ਜੀਵਨ ਕਰ ਕੇ ਹੀ ਸਮਾਜ ਵਿਚੋਂ ਉਚੇ ਸਾਓ ਪਰ ਹੁਣ ਤਾਂ ਤੁਸੀਂ ਆਪ ਗਏ ਗੁਜ਼ਰੇ ਹੋ ਗਏ ਹੋ। ਸਾਨੂੰ ਤਾਂ ਗੁਰਬਾਣੀ ਦਸਦੀ ਹੈ :

ਸੋ ਬ੍ਰਹਮਣ ਜੋ ਬਿੰਦੈ ਬ੍ਰਹਮੁ
ਜਪੁ ਤਪੁ ਸੰਜਮੁ ਕਮਾਵੈ ਕਰਮੁ
ਸੀਲ ਸੰਤੋਖ ਕਾ ਰਖੈ ਧਰਮੁ
ਬੰਧਨ ਤੋੜੈ ਹੋਵੈ ਮੁਕਤੁ
ਸੋਈ ਬ੍ਰਹਮਣੁ ਪੂਜਣ ਜੁਗਤੁ।

(ਸਲੋਕ ਵਾਰਾਂ ਤੇ ਵਧੀਕ)

ਤੁਸੀਂ ਹੁੱਕੇ ਪੀਂਦੇ ਹੋ। ਮਾਸ-ਸ਼ਰਾਬ ਤੁਹਾਡੇ ਘਰੀਂ ਵੀ ਆਣ ਵੜਿਆ ਹੈ। ਲੋਕਾਂ ਨੂੰ ਝੂਠੇ ਵਹਿਮਾਂ-ਭਰਮਾਂ ਵਿੱਚ ਪਾ ਕੇ ਫਜ਼ੂਲ ਜਿਹੇ ਰਸਮਾਂ-ਰਿਵਾਜ਼ਾਂ ਦੇ ਜੰਜਾਲ ਵਿੱਚ ਕੱਸ ਕੱਸ ਕੇ ਮਾਰਨ ਤੇ ਤੁਲੇ ਹੋਏ ਹੋ। ਹੁਣ ਤੁਹਾਡੀ ਪਹਿਲਾਂ ਜੇਹੀ ਥਾਂ ਕਿਵੇਂ ਰਹੇ ?

"ਪਰ ਵਿਆਹ ਕਰਨੇ ਕਰਵਾਣੇ ਤਾਂ ਸਾਡੀ ਉਚ ਜਾਤੀ ਦੇ ਹਿੱਸੇ ਹੀ ਆਇਆ ਹੈ। ਅਤੇ ਜੇ ਅਸੀਂ ਇਸ ਨੂੰ ਸ਼ਾਸਤਰੀ ਮਰਿਆਦਾ ਅਨੁਸਾਰ ਨ ਕਰੀਏ ਤਾਂ ਇਹ ਕਾਨੂੰਨੀ ਕਿਵੇਂ ਹੋ ਸਕਦੇ ਹਨ ? ਤੁਹਾਡੇ ਆਪੂੰ ਕੀਤੇ ਵਿਆਹ ਸਰਕਾਰੇ ਦਰਬਾਰੇ ਵੀ ਪਰਵਾਨ ਨਹੀਂ ਹੋ ਸਕਦੇ।" ਆਗੂ ਬ੍ਰਾਹਮਣਾਂ ਨੇ ਆਖਿਆ।

"ਪੰਡਿਤ ਜੀ !

ਜਾਤਿ ਕਾ ਗਰਬੁ ਨ ਕਰੀਅਹੁ ਕੋਈ ।
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ।
ਜਾਤਿ ਕਾ ਗਰਬੁ ਨ ਕਰ ਮੂਰਖ ਗਵਾਰਾ ।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ।
ਚਾਰੇ ਵਰਨ ਆਖੈ ਸਭੁ ਕੋਈ ।
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ।

(ਭੈਰਉ ਮ: 3)

ਸਤਿਗੁਰਾਂ ਤਾਂ ਸਾਨੂੰ ਇੰਜ ਹੀ ਦੱਸਿਆ ਹੈ । ਅਸਾਂ ਤੁਹਾਡੇ ਧਰਮ ਸ਼ਾਸਤਰ ਨਹੀਂ ਚੁੱਕੇ-ਚੁਰਾਏ । ਸਿੱਖ ਹੋਣ ਦੇ ਨਾਤੇ ਸਾਡਾ ਤਾਂ ਆਧਾਰ ਹੀ ਗੁਰਬਾਣੀ ਹੈ ਅਤੇ ਅਸਾਂ ਏਸੇ ਦੀਆਂ ਚਾਰ ਲਾਵਾਂ ਪੜ੍ਹ ਕੇ, ਵਿਆਹ ਨਹੀਂ, ਅਨੰਦ ਕਾਰਜ ਕਰਨੇ ਹਨ । ਤੁਹਾਡੇ ਕੀਤੇ ਵਿਆਹ ਝਮੇਲੇ ਹਨ, ਸਾਡੇ ਕੀਤੇ ਅਨੰਦ ਸਚਮੁੱਚ ਖੁਸ਼ੀ ਬਖਸ਼ਣ ਵਾਲੇ ਹੋਣਗੇ ।

"ਪਰ ਤੁਸੀਂ ਸਰਕਾਰ ਨੂੰ ਇਹ ਕਿਵੇਂ ਸਾਬਤ ਕਰ ਸਕੋਗੇ ਕਿ ਇਹ ਕਾਨੂੰਨੀ ਹਨ ।" ਬ੍ਰਾਹਮਣਾਂ ਦਾ ਹਠ ਇਕ ਨੇ ਸਪਸ਼ਟ ਕੀਤਾ ।

"ਸਾਡੇ ਇਹ ਸਮੂਹਕ ਅਨੰਦ, ਸਾਧ ਸੰਗਤ ਦੇ ਰੂਬਰੂ, ਬੱਚਿਆਂ ਅਤੇ ਬੀਬੀਆਂ ਨੂੰ ਪਵਿੱਤਰ ਗ੍ਰਹਿਸਤ ਮਾਰਗ ਵਿਚ ਪਰਵੇਸ਼ ਕਰਵਾਣਗੇ । ਸਾਨੂੰ ਚਿੰਤਾ ਨਹੀਂ ਸਰਕਾਰ ਇਹਨਾਂ ਨੂੰ ਪਰਵਾਨ ਕਰਦੀ ਹੈ ਜਾਂ ਨਹੀਂ - ਸਾਡਾ ਸਮਾਜ ਇਹਨਾਂ ਨੂੰ ਪਰਵਾਨ ਕਰੇਗਾ । ਅੰਗਰੇਜ਼ ਸਰਕਾਰ ਨੂੰ ਅਸੀਂ ਆਪਣੇ ਰੀਤੀ ਰਿਵਾਜਾਂ ਦੇ ਸੁਧਾਰ ਵਿਚ ਦਖਲ ਯੋਗ ਨਹੀਂ ਸਮਝਦੇ ।"

ਪਰ ਬ੍ਰਾਹਮਣਾਂ ਦੇ ਅੰਦਰ ਤਾਂ ਕਰੋਧ ਦੇ ਅਲੰਬੇ ਮੱਚ ਰਹੇ ਸਨ । ਉਹਨਾਂ ਦਾ ਖਿਆਲ ਸੀ ਸ਼ਾਇਦ ਗੁਰੂ ਮਹਾਰਾਜ ਉਹਨਾਂ ਦੀ ਬੇਨਤੀ ਤੇ ਪਤੀਜ ਜਾਣਗੇ । ਹੁਣ ਜਦੋਂ ਉਹਨਾਂ ਵੇਖਿਆ ਕਿ ਇਹ ਟਲਣ ਵਾਲੇ ਨਹੀਂ ਤਾਂ ਬ੍ਰਾਹਮਣਾਂ ਆਖਰੀ ਪੱਤਾ ਦਾਅ ਤੇ ਲਾਇਆ :

"ਚੰਗਾ ਫਿਰ, ਅਸੀਂ ਤੁਹਾਡੇ ਸਾਹਮਣੇ ਹੀ ਪ੍ਰਾਣ ਤਿਆਗ ਦਿਆਂਗੇ । ਅਤੇ ਤੁਹਾਨੂੰ ਬ੍ਰਹਮ ਹੱਤਿਆ ਦਾ ਪਾਪ ਲਗੇਗਾ ।"

ਸਤਿਗੁਰੂ ਜੀ ਨੇ ਫੇਰ ਧੀਰਜ ਨਾਲ ਆਖਿਆ :

ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖ ਸਾਰ ।
ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ।
ਹਰਿ ਸਾਲਾਹੇ ਹਰਿ ਪੜੇ ਗੁਰ ਕੈ ਸਬਦਿ ਵੀਚਾਰਿ ।
ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ।
ਅਗੈ ਜਾਤਿ ਨਾ ਪੁਛੀਐ, ਕਰਣੀ ਸਬਦੁ ਹੈ ਸਾਰ ।
ਹੋਰ ਕੂੜੁ ਪੜਣਾ, ਕੂੜੁ ਕਮਾਵਣਾ, ਬਿਖਿਆ ਨਾਲਿ ਪਿਆਰੁ ।
ਅੰਦਰਿ ਸੁਖੁ ਨ ਹੋਵਈ, ਮਨਮੁਖ ਜਨਮੁ ਖੁਆਰੁ ।
ਨਾਨਕ ਨਾਮ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ।

(ਮਾਰੂ ਵਾਰ ਮ: 3)

ਸਤਿਗੁਰੂ ਜੀ ਦੇ ਸ਼ਬਦ ਦੀ ਸਮਾਪਤੀ ਵੀ ਬ੍ਰਾਹਮਣਾਂ ਕੋਲੋਂ ਉਡੀਕੀ ਨਾ ਗਈ ਤੇ ਉਹ ਸੜ-ਮਰਨ ਦਾ ਰੌਲਾ ਪਾਉਣ ਲਗ ਪਏ । ਦੀਵਾਨ ਸਥਾਨ-ਤਣਾਉ-ਭਰਪੂਰ ਹੋ ਗਿਆ । ਲੋਕਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਸ ਸਾਰੀ ਗੱਲ ਬਾਤ ਦਾ ਅੰਤ ਕੀ ਹੋਵੇਗਾ ਕਿ ਪ੍ਰਬੰਧਕ ਸਿੰਘਾਂ ਵਿਚੋਂ ਵੀ ਜਵਾਬੀ ਹੰਗਾਮਾ ਉਠ ਖਲੋਤਾ । ਇਸ ਰੌਲੇ ਰੱਪੇ ਵਿਚ ਸਤਿਗੁਰੂ ਜੀ ਨੇ ਸਾਰੇ ਮਾਹੌਲ ਨੂੰ ਸ਼ਾਂਤ ਕਰਵਾਣ ਲਈ ਲਲਕਾਰਾ ਮਾਰਿਆ :

"ਚੰਗਾ ਫਿਰ ਜੇ ਇਹ ਸ਼ਰਾਰਤ ਕਰਨੋਂ ਬਾਜ ਨਹੀਂ ਆਉਂਦੇ ਤਾਂ ਜੋ ਬਹੁਤਾ ਸੜ ਮਰਨ ਨੂੰ ਕਾਹਲਾ ਹੈ ਉਹ ਸਾਹਮਣੇ ਆਵੇ, ਅਸੀਂ ਹੀ ਪਵਿੱਤਰ ਅਗਨੀ ਵਿਚ ਉਸ ਨੂੰ ਹੋਮ ਦਿੰਦੇ ਹਾਂ । ਜੋ ਲਗਦੈ ਪਾਪ ਲਗ ਜਾਵੇ ।"

ਅਤੇ ਏਸ ਲਲਕਾਰ ਨੇ ਦੀਵਾਨ ਵਿੱਚ ਸੱਨਾਟਾ ਪੈਦਾ ਕਰ ਦਿੱਤਾ । ਹੁਣ ਦਿਸਦਾ ਪਿਆ ਸੀ ਕਿ ਪਿਛਲੀ ਰਸਮ ਟੁੱਟ ਕੇ ਹੀ ਰਹੇਗੀ ਅਤੇ ਨਵੀਂ ਦਾ ਸ੍ਰੀ ਗਣੇਸ਼ ਹੋ ਹੀ ਗਿਆ ।

ਏਨੇ ਚਿਰ ਨੂੰ ਕਿਸੇ ਨੇ ਉਚੀ ਸਾਰੀ ਜੈਕਾਰਾ ਛਡ ਦਿਤਾ ਅਤੇ ਇਸ ਦੀ ਗੂੰਜਵੀਂ ਅਵਾਜ਼ ਵਿਚ ਬ੍ਰਾਹਮਣ ਦੀਵਾਨ ਵਿਚੋਂ ਖਿਸਿਆਨੇ ਜਿਹੇ ਹੋ ਕੇ ਨਿਕਲ ਗਏ । ਪਰ ਉਹਨਾਂ ਦਾ ਸਾੜ ਮੱਠਾ ਨਹੀਂ ਸੀ ਪਿਆ । ਉਹ ਸਲਾਹ ਕਰ ਕੇ ਬਾਘਾ ਪੁਰਾਣਾ (ਜ਼ਿਲਾ ਫੀਰੋਜ਼ਪੁਰ) ਦੇ ਠਾਣੇ ਨੂੰ ਭੜਕਾਹਟ ਭਰੀਆਂ ਗੱਲਾਂ ਕਰਦੇ ਤੁਰ ਪਏ ਅਤੇ ਏਧਰ ਸ਼ਾਂਤ, ਉਤਸ਼ਾਹੀ ਤੇ ਦਿਲਚਸਪ ਮਾਹੌਲ ਵਿਚ ਅਨੰਦ ਕਾਰਜ ਆਰੰਭ ਹੋ ਗਏ ।

ਹਰਿ ਪਹਿਲੜੀ ਲਾਵ

ਬੀਬੀਆਂ ਦੀਵਾਨ ਵਿਚ ਗੁੱਛੂੰ-ਮੁਛੂੰ ਤੇ ਕੁੰਜ-ਵਲ੍ਹੇਟੀ ਇਕ ਗੰਢੜੀ ਵਾਂਗ ਨਹੀਂ ਬੈਠੀਆਂ ਸਨ ਸਗੋਂ ਆਪਣੇ ਮਰਦ ਸਾਥੀ ਨਾਲ ਨੰਗੇ ਮੂੰਹ, ਸਫੈਦ ਬਸਤਰਾਂ ਵਿਚ ਸ਼ੋਭਾ ਪਾ ਰਹੀਆਂ ਸਨ । ਇਹਨਾਂ ਜੋੜਿਆਂ ਨੂੰ ਇਕ ਇਕ ਕਰ ਕੇ ਵਿਧੀਵਤ ਅੰਮ੍ਰਿਤ ਛਕਾਇਆ । ਉਪਰੰਤ ਪ੍ਰਬੰਧਕਾਂ 'ਚੋਂ ਇਕ ਨੇ ਲੜਕੀ ਦੇ ਦੁਪੱਟੇ ਦੀ ਕੰਨੀ ਲੈ ਕੇ ਅਤੇ ਲੜਕੇ ਦੇ ਮੋਢੇ ਵਾਲੇ ਸਾਫੇ ਦੀ ਕੰਨੀ ਨਾਲ ਗੰਢ ਦੇ ਕੇ ਗੰਢ ਚਤਰਾਵਾ ਕਰ ਦਿਤਾ । ਇਸ ਗਲ ਨੂੰ ਮੁੱਖ ਰੱਖ ਕੇ ਕਿ ਗੁਰੂ ਕੇ ਲੰਗਰ ਦੀ ਸਹਾਇਤਾ ਕੀਤੀ ਜਾਇ ਸਵਾ-ਸਵਾ ਰੁਪਿਆ ਦੁਹਾਂ ਧਿਰਾਂ ਤੋਂ ਲੈ ਕੇ ਗੰਢ ਚਤਰਾਵੇ ਵਾਲੀਆਂ ਕੰਨੀਆਂ ਵਿੱਚ ਗੰਢ ਦਿਤਾ ਗਿਆ ।

ਉਪਰੰਤ ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਹਵਨ-ਕੁੰਡ ਦੁਆਲੇ ਗੱਡੀ ਹੋਈ ਵੇਦੀ ਦੇ ਆਦਰ ਅਤੇ ਹਵਨ-ਕੁੰਡ ਵਿਚਾਲੇ ਵਿਛਾਈ ਹੋਈ ਪਰਾਲੀ ਆਦਿ ਤੇ ਬੀਬੀਆਂ ਅਤੇ ਲੜਕੇ ਆਪਣੇ ਆਪਣੇ ਸਾਥ ਨਾਲ ਖਲੋ ਗਏ । ਲਾਵਾਂ ਦੇ ਉਚਾਰਨ ਨਾਲ ਅੱਗੇ ਲੜਕਾ ਅਤੇ ਪਿਛੇ ਲੜਕੀ ਛੀਏ ਜੋੜੇ ਹੀ ਇਕ ਇਕ ਲਾਂਵ ਨਾਲ ਹਵਨ-ਕੁੰਡ ਦੀ ਪਰਕਰਮਾ ਕਰਨ ਲੱਗੇ । ਪਰਕਰਮਾ ਹਵਨ-ਕੁੰਡ ਨੂੰ ਖੱਬੇ ਰੱਖ ਕੇ ਹੋ ਰਹੀ ਸੀ ।

ਚਾਰ ਲਾਵਾਂ ਨਾਲ, ਚਾਰ ਫੇਰੇ ਹਵਨ-ਕੁੰਡ ਦੁਆਲੇ ਲਾ ਕੇ ਅਨੰਦ ਦੀ ਰਸਮ ਪੂਰੀ ਹੋ ਗਈ ।

ਰਾਗੀਆਂ ਨੇ ਪੜ੍ਹਿਆ :

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ।
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ।
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ।
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ।
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨਾ ਜਾਇਆ ।
ਵੀਆਹੁ ਹੋਆ ਮੇਰੇ ਬਾਬੋਲਾ ਗੁਰ ਮੁਖੇ ਹਰਿ ਪਾਇਆ ।2।

(ਸਿਰੀ ਰਾਗੁ ਮਹਲਾ 4, ਘਰੁ 2, ਛੰਤ)

ਅਤੇ ਇਸ ਸ਼ਬਦ ਦਾ ਦੂਹਰਾ ਉਚਾਰਣ ਸੰਗਤ ਵਲੋਂ ਹੁੰਦਾ ਰਿਹਾ ਜਿਸ ਨਾਲ ਸਾਰੇ ਵਾਤਾਵਰਣ ਵਿੱਚ ਇਕ ਖੁਸ਼ੀ, ਉਮਾਹ ਅਤੇ ਸ਼ਕਤੀ ਉਤਪੰਨ ਹੋ ਗਈ । ਉਪਰੰਤ ਪੰਜ ਪੌੜੀਆਂ 'ਅਨੰਦ' ਦੀਆਂ ਗਾ ਕੇ ਅਰਦਾਸਾ ਕਰ ਦਿੱਤਾ ਗਿਆ ਅਤੇ ਏਹੋ ਸਾਰੀ ਅਨੰਦ ਦੀ ਮਰਿਯਾਦਾ ਸੀ ।

ਇਸ ਢੰਗ ਨਾਲ ਜਿਥੇ ਛੇ ਜੋੜਿਆਂ ਦੇ ਕਾਰਜ ਕਰ ਦਿਤੇ ਗਏ ਓਥੇ ਇਹਨਾਂ ਵਿਚੋਂ ਚਾਰ ਜੋੜਿਆਂ ਦੇ ਵਿਆਹ ਜਿਨ੍ਹਾਂ ਦੀ ਰੋਟੀ ਦੀ ਸਾਂਝ ਸੀ ਉਹਨਾਂ ਦੀ ਬੇਟੀ ਦੀ ਸਾਂਝ ਵੀ ਸਥਾਪਤ ਕਰਨ ਲਈ ਕੀਤੇ ਗਏ ਸਨ ਜਿਵੇਂ ਇਕ ਤਰਖਾਣਾ ਦੀ ਲੜਕੀ ਦਾ ਅਨੰਦ ਕਾਰਜ ਅਰੋੜਿਆਂ ਦੇ ਲੜਕੇ ਨਾਲ ਕੀਤਾ ਗਿਆ । ਇਕ ਅਰੋੜਿਆਂ ਦੀ ਪੁਤਰੀ ਦਾ ਛੀਂਬਿਆਂ ਨਾਲ ।

ਦਰਸ਼ਕਾਂ ਨੇ ਵੇਖਿਆ ਜੋ ਕੰਮ ਰਾਤ-ਰਾਤ ਭਰ ਹੁੰਦਾ ਰਹਿੰਦਾ ਸੀ ਬ੍ਰਾਹਮਣਾਂ ਦੇ ਚੱਕਰ ਵਿੱਚ ਪੈ ਕੇ, ਉਸ ਨੂੰ ਨਾਮਧਾਰੀਆਂ ਆਪਣੇ ਹੱਥ ਵਿੱਚ ਲੈ ਲਿਆ ਸੀ ਤੇ ਉਹ ਘੰਟੇ-ਅੱਧੇ-ਘੰਟੇ ਵਿੱਚ ਭੁਗਤ ਗਿਆ ਸੀ । ਨਾ ਵਾਜਾ, ਨਾ ਭੰਡ-ਨਕਲੀਏ, ਨਾ ਜੰਞ-ਜਾਂਞੀਆਂ ਦੇ ਜਲਉ, ਨਾ ਆਤਸ਼ਬਾਜੀਆਂ, ਨਾ ਮਿਠਾਈਆਂ ਤੇ ਲਾਗ-ਪੱਤਰ, ਨਾ ਦਿੱਤਾ, ਨਾ ਦਾਜ-ਏਨੀ ਸਰਲ ਰਸਮ ਦੇ ਕੌਣ ਨ ਸਦਕੇ ਜਾਂਦਾ ।

ਗੁਰੂ ਰਾਮ ਸਿੰਘ ਜੀ ਨੇ ਐਲਾਨ ਕੀਤਾ : ਸਾਧ ਸੰਗਤ ਜੀ ! ਇਸ ਤੋਂ ਪਹਿਲਾਂ ਦੇ ਜਿੰਨੇ ਵਿਆਹ ਹਨ, ਕੀ ਉਹ ਮੇਰਾ ਹੈ ਜਾਂ ਤੁਹਾਡੇ, ਉਹ ਸਭ ਬ੍ਰਾਹਮਣੀ ਰਸਮਾਂ ਅਧੀਨ ਹੋਏ ਹਨ । ਗੁਰ ਮਰਿਆਦਾ ਅਨੁਸਾਰ ਅਨੰਦ ਕਾਰਜ ਏਹੋ ਹਨ ਜੋ ਆਪਦੇ ਸਾਹਮਣੇ ਕੀਤੇ ਗਏ ਹਨ । ਇਸ ਬਾਣੀ ਦੀ ਵਰਤੋਂ ਆਨੰਦ ਕਾਰਜਾਂ ਵਾਸਤੇ ਅੱਜ ਤੋਂ ਹੀ ਜਾਰੀ ਕੀਤੀ ਜਾਂਦੀ ਹੈ । ਅੱਗੇ ਤੋਂ ਹਰ ਸਿੱਖ ਗੁਰਬਾਣੀ ਵਿਚੋਂ ਲਾਵਾਂ ਵਾਲੇ ਸ਼ਬਦਾਂ ਨਾਲ ਅਨੰਦ ਕੀਤਾ ਕਰੋ । ਅਸਲ ਵਿਚ ਇਹੋ ਗੁਰਸਿੱਖੀ ਦੀ ਰਹੁ-ਰੀਤ ਹੈ ਜਿਸ ਵਿਚ ਗੁਰੂ ਆਸ਼ੇ ਅਨੁਸਾਰ ਸਾਤਵਿਕਤਾ ਰਹੇ । ਇਕ ਗੱਲ ਹੋਰ ਜੋ ਸਭ ਨੇ ਧਿਆਨ ਵਿੱਚ ਰੱਖਣੀ ਹੈ ਉਹ ਹੈ ਉਮਰ ਬਾਰੇ ਅਨੰਦ ਕਾਰਜ ਸਮੇਂ ਲੜਕੀਆਂ ਦੀ ਉਮਰ ਘੱਟੋ ਘੱਟ ਸੋਲਾਂ ਸਾਲ ਜ਼ਰੂਰ ਹੋਵੇ ਅਤੇ ਲੜਕਿਆਂ ਨੂੰ ਅਠਾਰਾਂ ਤੋਂ ਘੱਟ ਨਾ ਵਿਆਹਿਆ ਜਾਵੇ । ਉਮੀਦ ਹੈ ਸਾਧ ਸੰਗਤ ਨਿਡਰ ਹੋ ਕੇ ਇਸ ਢੰਗ ਦੇ ਵਿਆਹਾਂ ਦਾ ਪਰਚਲਣ ਕਰੇਗੀ ਅਤੇ ਕਿਤੇ ਵੀ ਬ੍ਰਾਹਮਣਾਂ ਦੇ ਡੂਮ-ਡਰਾਵਿਆਂ ਤੋਂ ਨਹੀਂ ਡਰੇਗੀ ।

ਜਿਨ੍ਹਾਂ ਜੋੜਿਆਂ ਦੇ 3 ਜੂਨ, 1863 ਨੂੰ ਗੁਰਮਤਿ ਅਨੁਸਾਰ ਪਹਿਲਾਂ ਕਾਰਜ ਹੋਏ ਉਹਨਾਂ ਦੀ ਏਨੀ ਕੁ ਜਾਣਕਾਰੀ ਪ੍ਰਾਪਤ ਹੋ ਸਕੀ ਹੈ :

1. ਭਾਈ ਜੋਗਾ ਸਿੰਘ ਧੂੜਕੋਟ (ਜ਼ਿ: ਫੀਰੋਜ਼ਪੁਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ। ਮੁਠਡਿਆਂ (ਜਿ: ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁੱਤਰ ਸ੍ਰੀ ਬੀਰ ਸਿੰਘ ਨਾਲ।
2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜਿ: ਫੀਰੋਜ਼ਪੁਰ) ਦੀ ਪੁਤਰੀ ਪਿੰਡ ਠਰੀ (ਜਿ: ਫੀਰੋਜ਼ਪੁਰ) ਵਿਖੇ ਵਿਆਹੀ।
3. ਭਾਈ ਬੁੱਧ ਸਿੰਘ ਦੀ ਪੁਤਰੀ ਪ੍ਰੇਮ ਕੌਰ ਧੁਲੋਤੇ (ਜਿ: ਜਲੰਧਰ) ਵਿਚ ਵਿਆਹੀ।
4. ਸੰਤ ਫਤਹ ਸਿੰਘ ਦੀ ਪੁਤਰੀ ਦੇਸ ਕੌਰ ਨਿਹਾਲੇ ਵਾਲਾ (ਜਿ: ਫੀਰੋਜ਼ਪੁਰ) ਵਿਆਹੀ।
5. ਸੰਤ ਕਾਲਾ ਸਿੰਘ ਦੀ ਪੁਤਰੀ ਪਿੰਡ ਦੌਧਰ (ਜਿ: ਫੀਰੋਜ਼ਪੁਰ) ਵਿਆਹੀ।
6. ਭਾਈ ਸੁੰਦਰ ਸਿੰਘ ਦੀ ਪੁਤਰੀ ਪਿੰਡ ਉਬੋਕੇ (ਜ਼ਿ: ਅੰਮ੍ਰਿਤਸਰ) ਵਿਚ ਵਿਆਹੀ।

ਅੰਗਰੇਜ਼ਾਂ ਦੀ ਨਜ਼ਰ ਵਿਚ

ਬਾਹਲੇ ਵਿਸਤਾਰ ਵਿਚ ਨਾ ਜਾਂਦਿਆਂ, ਏਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਖੋਟਿਆਂ ਦੇ ਅਤੇ ਲਾਗ ਪਾਸ ਦੇ ਬ੍ਰਾਹਮਣਾਂ ਨੇ ਬਾਘੇ ਪੁਰਾਣੇ (ਜ਼ਿ: ਫੀਰੋਜ਼ਪੁਰ) ਥਾਣੇ ਵਿਚ ਜਾ ਹਾਲ ਪਾਹਰਿਆ ਕੀਤੀ ਕਿ ਕੂਕਿਆਂ ਦੇ ਗੁਰੂ ਨੇ ਜਿਥੇ ਸਾਡੀ ਮਾਣ ਪ੍ਰਤਿਸ਼ਟਾ ਨੂੰ ਲੱਤ ਮਾਰ ਕੇ ਤੇ ਜੁਗਾਂ ਤੋਂ ਚਲੀ ਆਉਂਦੀ, ਪਿਤਾ ਪੁਰਖੀ ਵਿਆਹਾਂ ਸ਼ਾਦੀਆਂ ਦੀ ਸ਼ਾਸਤਰੀ ਰੀਤ ਤੋੜੀ ਹੈ, ਉਥੇ ਨਾਲ ਹੀ ਪੰਜ-ਸੱਤ ਸੌ ਦੇ ਇਕੱਠ ਸਾਹਵੇਂ ਐਸੀਆਂ ਗੱਲਾਂ ਵੀ ਕੀਤੀਆਂ ਹਨ ਜਿਸ ਤੋਂ ਅੰਗਰੇਜ਼ੀ ਸਰਕਾਰ ਨੂੰ ਖਤਰਾ ਹੋ ਸਕਦਾ ਹੈ ਕਿਉਂ ਕਿ ਕੂਕਿਆਂ ਦਾ ਗੁਰੂ ਬਾਹਾਂ ਉਲਾਰ ਉਲਾਰ ਕਹਿੰਦਾ ਹੈ :

★ ਅੰਗਰੇਜ਼ਾਂ ਦਾ ਰਾਜ ਖਤਮ ਹੋ ਜਾਵੇਗਾ।
★ ਮੁੜ ਕੇ ਖਾਲਸਾ ਰਾਜ ਸਥਾਪਤ ਹੋ ਜਾਵੇਗਾ।
★ ਕੁੜੀਆਂ-ਮੁੰਡਿਆਂ ਅਤੇ ਬਾਲੇ-ਬੁੱਢੇ ਨੂੰ ਗੁਰਮੁਖੀ ਪੜ੍ਹਾਓ ਅਤੇ ਆਪਣੇ ਸਕੂਲਾਂ ਵਿਚ ਪੜ੍ਹਾਓ,
★ ਅੰਗਰੇਜ਼ੀ ਤਾਲੀਮ ਦਾ ਬਾਈਕਾਟ ਕਰੋ।
★ ਗੋਰਿਆਂ ਦੀ ਨੌਕਰੀ ਨਾ ਕਰੋ।
★ ਇਹਨਾਂ ਦੀਆਂ ਕਚਹਿਰੀਆਂ, ਰੇਲਾਂ, ਡਾਕ-ਤਾਰ, ਆਦਿ ਦਾ ਬਾਈਕਾਟ ਕਰੋ।

ਗੱਲਾਂ ਇਹ ਤਾਂ ਹੋਈਆਂ ਹੀ ਸਨ, ਪਰ ਕਈ ਤਰ੍ਹਾਂ ਦੀਆਂ ਹੋਰ ਵੀ ਝੂਠੀਆਂ-ਸੱਚੀਆਂ ਵਧਾ-ਵਧਾ ਕੀਤੀਆਂ।

ਸਤਿਗੁਰੂ ਰਾਮ ਸਿੰਘ ਜੀ ਨੂੰ ਖੋਟਿਆਂ ਤੋਂ ਅੰਗਰੇਜ਼ ਦੀ ਪੁੱਛ-ਪੜਤਾਲ ਦਾ ਸਾਹਮਣਾ ਕਰਨਾ ਪਿਆ। ਅਜੇ ਸਤਿਗੁਰੂ ਜੀ ਖੋਟਿਆਂ ਵਿਚ ਹੀ ਸਨ ਕਿ 6 ਜੂਨ ਨੂੰ ਇਕ ਹਵਲਦਾਰ ਨੇ ਖੋਟੀਂ ਪਹੁੰਚ ਕੇ ਸਾਰੀ ਜਾਣਕਾਰੀ ਇਕੱਤਰ ਕੀਤੀ ਅਤੇ ਖੋਟਿਆਂ ਦੇ ਲਾਗ ਪਾਸ ਦੇ ਲੋਕਾਂ ਅਤੇ ਨੰਬਰਦਾਰਾਂ ਦੇ ਬਿਆਨ ਕਲਮਬੰਦ ਕੀਤੇ। ਉਹਨਾਂ ਨੇ ਬਿਆਨਾਂ ਦੇ ਆਧਾਰ ਤੇ 7 ਜੂਨ ਨੂੰ ਫੀਰੋਜ਼ਪੁਰ ਦੇ ਸੁਪ੍ਰੰਟੰਡੈਂਟ ਪੁਲਿਸ ਨੇ ਰੀਪੋਰਟ ਤਿਆਰ ਕਰਕੇ ਲਾਟ ਸਾਹਿਬ ਨੂੰ ਭੇਜੀ। ਲਾਟ ਸਾਹਿਬ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਹੁਕਮ ਦਿੱਤਾ ਕਿ

ਡੀ.ਸੀ. ਫੀਰੋਜ਼ਪੁਰ ਮਿ: ਥਾਮਸ ਆਪ ਇਕ ਦਮ ਖੋਟਿਆਂ ਵਿਖੇ ਪਹੁੰਚੇ ਤੇ ਮੁਨਾਸਬ ਕਾਰਵਾਈ ਕਰੋ। ਜੇ ਜ਼ਰੂਰਤ ਸਮਝੋ ਤਾਂ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਵੋ।

ਚਾਰ ਪੰਜ ਦਿਨਾਂ ਦੇ ਅੰਦਰ ਅੰਦਰ ਸ਼ਕਾਇਤ, ਬਿਆਨ, ਰੀਪੋਰਟ, ਹੁਕਮ ਅਤੇ ਉਨ੍ਹਾਂ ਉਤੇ ਅਮਲ ਹੋਣ ਦੀ ਨੌਬਤ ਆ ਗਈ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਰਸਲ-ਰਸਾਲ ਦੇ ਵਸੀਲੇ ਬੜੇ ਸਾਧਾਰਣ ਸਨ। ਪਰ ਇਸ ਘਟਨਾ ਨੂੰ ਏਨਾ ਮਹੱਤਵ ਦਿੱਤਾ ਗਿਆ ਕਿ 3 ਜੂਨ ਤਕ ਡੀ.ਸੀ. ਖੁਦ ਖੋਟਿਆਂ ਵਿਚ ਤਸ਼ਰੀਫ ਲੈ ਆਇਆ। ਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਅਤੇ ਉਸ ਨੇ ਪੰਜਾਬ ਸਰਕਾਰ ਦੇ ਹੁਕਮ ਸਾਦਰ ਕੀਤੇ :

1. ਜ਼ਿਲਾ ਫੀਰੋਜ਼ਪੁਰ ਵਿਚ ਅੱਗੇ ਤੋਂ ਕੋਈ ਮੇਲਾ ਜਾਂ ਦੀਵਾਨ ਨਹੀਂ ਹੋ ਸਕਦਾ।
2. ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਬਾਹਰੋਂ ਆਏ ਅਨੁਆਈਆਂ ਨੂੰ ਮੰਜ਼ਲੇ ਮੰਜ਼ਲੀ ਪੁਲਿਸ ਨਿਗਰਾਨੀ ਹੇਠ ਭੈਣੀ ਸਾਹਿਬ ਪਹੁੰਚਾਇਆ ਜਾਵੇ।

ਇਸ ਹੁਕਮ ਤੇ ਤਾਮੀਲ ਕਰਦਿਆਂ 9 ਜਾਂ 10 ਜੂਨ 1863 ਨੂੰ ਗੁਰੂ ਜੀ ਨੂੰ ਸਾਥੀਆਂ ਸਮੇਤ ਬਾਘੇ ਪੁਰਾਣੇ ਦੇ ਥਾਣੇ ਲੈ ਜਾ ਕੇ 14 ਜੂਨ ਤਕ ਭੈਣੀ ਸਾਹਿਬ ਭੇਜ ਦਿਤਾ ਗਿਆ।

ਇਸ ਤੋਂ ਪਿਛੋਂ ਬਿਨਾਂ ਆਗਿਆ ਮੇਲੇ ਮਸਾਹਬੇ ਕਰਨ ਅਤੇ ਉਨ੍ਹਾਂ ਤੇ ਜਾਣ-ਆਉਣ ਦੀ ਰਕ ਲੱਗ ਗਈ।

ਗੱਲ ਏਥੇ ਹੀ ਨਹੀਂ ਮੁੱਕੀ, ਸਗੋਂ ਲਗਾਤਾਰ 28 ਦਿਨ ਗੁਰੂ ਰਾਮ ਸਿੰਘ ਜੀ ਨੂੰ ਲੁਧਿਆਣੇ ਪਹੁੰਚ ਕੇ ਡੀ.ਸੀ. ਦੇ ਪੇਸ਼ ਹੋਣਾਂ ਪੈਂਦਾ ਰਿਹਾ।

ਭੈਣੀ ਸਾਹਿਬ ਪੁਲਿਸ ਦੀ ਨਜ਼ਰ ਹੇਠ ਕਰ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਨਜ਼ਰਬੰਦੀ ਨੂੰ ਕਿਵੇਂ ਨਜਿੱਠਿਆ ਅਤੇ ਨਾਮਧਾਰੀ ਸੰਗਤਾਂ ਵਿਚ ਕਿਵੇਂ ਆਪਣੇ ਪ੍ਰੋਗਰਾਮ ਚਾਲੂ ਰੱਖੇ ਅਤੇ ਨਾਲ ਹੀ ਸਿੱਖੀ ਹੋਰ ਫੈਲਾਣ ਲਈ ਕੀ ਕੀ ਤਰੱਦਦ ਕੀਤੇ, ਇਥੇ ਇਹਨਾਂ ਗੱਲਾਂ ਦੀ ਵਿਆਖਿਆ ਲਈ ਯੋਗ ਥਾਂ ਨਹੀਂ। ਏਥੇ ਅਸਾਂ ਕੇਵਲ ਇਸਤ੍ਰੀਆਂ ਨਾਲ ਸੰਬੰਧਤ ਗੱਲਾਂ ਬਾਰੇ ਹੀ ਜ਼ਿਕਰ ਕਰਨਾ ਹੈ।

ਅਨੰਦ ਵਿਸਤਾਰ

ਪਵਿੱਤਰ ਸੁਗੰਧੀ ਵਾਂਗ ਇਹ ਗੱਲ ਸਾਰੇ ਪੰਜਾਬ ਵਿਚ ਹੁਲ ਗਈ ਕਿ ਕੂਕਿਆਂ ਦੇ ਗੁਰੂ ਨੇ ਜੋ ਵਿਆਹ-ਸ਼ਾਦੀਆਂ ਦੀ ਨਵੀਂ ਰੀਤ ਤੋਰੀ ਹੈ ਅਸਲ ਵਿਚ ਗੁਰਮਤਿ ਦੇ ਵਿਆਹ-ਕਾਰਜ ਤਾਂ ਹਨ ਹੀ ਉਹ। ਇਸ ਲਈ ਸਿੱਖਾਂ ਨੂੰ ਤਾਂ ਉਹਨਾਂ ਦੀ ਰੀਤ ਅਨੁਸਾਰ ਹੀ ਅਨੰਦ-ਕਾਰਜ ਕਰਨੇ-ਕਰਾਣੇ ਚਾਹੀਦੇ ਹਨ, ਪਰ ਨਾਮਧਾਰੀਆਂ ਦੇ ਬੱਚੇ ਬੱਚੀਆਂ ਦੀਆਂ ਸ਼ਾਦੀਆਂ ਤਾਂ ਸ਼ੁਰੂ ਹੀ ਗੁਰ ਮਰਿਆਦਾ ਨਾਲ ਹੋ ਗਈਆਂ।

ਅਤੇ ਇਹ ਅਨੰਦ ਮਰਿਆਦਾ ਦੀ ਰਸਮ ਏਨੀ ਹਰਮਨ ਪਿਆਰੀ ਹੋ ਗਈ ਕਿ ਅਨੇਕਾਂ ਕੂਕਿਆਂ ਨੇ ਜਿਨ੍ਹਾਂ ਇਸ ਤੋਂ ਪਹਿਲਾਂ ਬ੍ਰਾਹਮਣੀ ਢੰਗ ਅਨੁਸਾਰ ਵਿਆਹ ਕਰਵਾਏ ਸਨ, ਦੋਬਾਰਾ ਆਪਣੇ ਅਨੰਦ ਪੜ੍ਹਾਏ ਤੇ ਕਿਤੇ-ਕਿਤੇ ਤਾਂ ਇਸ ਲਹਿਰ ਨੇ ਏਨਾਂ ਜ਼ੋਰ ਫੜਿਆ ਕਿ ਮਾਂ-ਬਾਪ ਦਾ ਅਨੰਦ ਕਾਰਜ ਹੋ ਰਿਹਾ ਸੀ ਤੇ ਲਾਵਾਂ ਪੜ੍ਹ ਰਹੇ ਸਨ ਉਹਨਾਂ ਦੇ ਬੱਚੇ।

ਜਦੋਂ ਕੋਈ ਚੀਜ਼ ਤਹਿਰੀਕ ਬਣਦੀ ਹੈ, ਅੰਦੋਲਨ ਦਾ ਰੂਪ ਧਾਰਦੀ ਹੈ ਉਦੋਂ ਵਿਚਾਰਾਂ ਦੀ ਇਕ ਅਜਿਹੀ ਰਉਂ ਚਲ ਪੈਂਦੀ ਹੈ ਕਿ ਪਿਛਲੀਆਂ ਸਭ ਗੱਲਾਂ ਬੋਦੀਆਂ ਪੈ ਜਾਦੀਆਂ ਹਨ ਅਤੇ ਉਹ ਆਪ ਤੋਂ ਆਪ ਚੁਰਮੁਰਾਂਦੀਆਂ ਚਲੀਆਂ ਜਾਂਦੀਆਂ ਹਨ । ਪੁੱਤਰਾਂ ਵੱਲੋਂ ਮਾਪਿਆਂ ਦੇ ਅਨੰਦ ਕਾਰਜ ਦੀ ਮਿਸਾਲ ਹਾਜ਼ਰ ਹੈ :

ਸ. ਲਾਲ ਸਿੰਘ ਪਿੰਡ ਘੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਸੁਪਤਨੀ ਮਾਈ ਪ੍ਰਤਾਪ ਕੌਰ ਉਦੋਂ 60 ਸਾਲ ਦੀ ਉਮਰ ਦਾ ਜੋੜਾ ਸਨ ਜਦੋਂ ਅਨੰਦ ਕਾਰਜਾਂ ਦੀ ਤਹਿਰੀਕ ਵੇਲੇ ਉਹਨਾਂ ਆਪਣਾ ਅਨੰਦ ਕਾਰਜ ਦੋਬਾਰਾ ਪੜ੍ਹਵਾਇਆ । ਇਕ ਤਕੜਾ ਮੇਲਾ ਕੀਤਾ, ਦੂਰ ਨੇੜੇ ਦੀ ਨਾਮਧਾਰੀ ਸੰਗਤ ਸੱਦੀ । ਦੋਵੇਂ ਬਜ਼ੁਰਗ ਹਵਨ ਆਦਿ ਕਰਵਾ ਕੇ ਤੇ ਵੇਦੀ ਗੱਡ ਕੇ, ਲਾਵਾਂ ਲੈਣ ਲਈ ਬੈਠ ਗਏ ਅਤੇ ਉਹਨਾਂ ਦੇ ਵੱਡੇ ਪੁੱਤਰ ਸ. ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜ੍ਹੀਆਂ ।

ਰੁਪਾਣਾ (ਅੱਜ ਕਲ੍ਹ ਜਿ: ਮੁਕਤਸਰ) ਦੇ ਭਾਈ ਵਜ਼ੀਰ ਸਿੰਘ ਨੇ ਵੀ ਵੇਦ ਰੀਤੀ ਵਾਲਾ ਵਿਆਹ ਉਧੇੜ ਕੇ ਗੁਰਮਤਿ ਅਨੁਸਾਰ ਬਾਕਾਇਦਾ ਹਵਨ ਕਰਵਾ ਕੇ ਵੇਦੀ ਗੱਡ ਕੇ ਲਾਵਾਂ ਪੜ੍ਹਵਾਈਆਂ ਅਤੇ ਆਪਣੇ ਆਪ ਨੂੰ ਅਨੰਦ ਕਾਰਜੀ ਲੋਕਾਂ ਦੇ ਬਰਾਬਰ ਕੀਤਾ ।

ਇੰਜ ਹੀ ਵਿਧਵਾ-ਵਿਆਹਾਂ ਬਾਰੇ ਵੀ ਨਾਮਧਾਰੀ ਸਿੰਘਾਂ ਨੇ ਪਿਛਲੇ ਕੁਝ ਭਰਮ ਜਾਲ ਤਾਰ-ਤਾਰ ਕਰਕੇ ਆਪਣੀਆਂ ਬੱਚੀਆਂ ਨੂੰ ਜਿਊਂਦੀ ਚਿਖਾ ਬਣਨੋਂ ਬਚਾ ਲਿਆ । ਛੋਟੀ ਉਮਰੇ ਵਿਧਵਾ ਹੋਈਆਂ ਬੀਬੀਆਂ ਨੂੰ ਆਮ ਕਰ ਕੇ ਮੁਨਾਸਬ ਵਰ ਵੇਖ, ਦੁਬਾਰਾ ਵਿਆਹ ਹੀ ਦਿਤਾ ਜਾਂਦਾ, ਪਰ ਵੱਡੀ ਉਮਰ ਦੀਆਂ ਇਸਤਰੀਆਂ ਨੂੰ ਦੁਬਾਰਾ ਵਿਆਹ ਲਈ ਉਹਨਾਂ ਦੇ ਬੱਚੇ ਰਜ਼ਾਮੰਦ ਕਰ ਲੈਂਦੇ ਅਤੇ ਇਸ ਕਿਰਿਆ ਵਿਚ ਕੋਈ ਸਮਾਜਕ ਬੰਧਨ ਅੜਿੱਕਾ ਨਾ ਬਣਦਾ ਤੇ ਨਾ ਹੀ ਪਰਵਾਰ ਵਿਚ ਮਾਨਸਿਕ ਮੁਸ਼ਕਲਾਂ ਹੀ ਹਾਵੀ ਹੁੰਦੀਆਂ । ਉਦਾਹਰਣ ਹੈ :

ਅਜੋਕੇ ਜ਼ਿਲਾ ਮੁਕਤਸਰ ਦੇ ਪ੍ਰਸਿੱਧ ਨਗਰ ਅਬੁਲ ਖੁਰਾਣਾ ਵਿਚ ਅਰੋੜੇ ਪਰਵਾਰ ਦੀ ਵਿਧਵਾ ਬੀਬੀ ਬੁੱਧਾਂ ਜਿਸ ਦਾ ਪਤੀ ਸੇਠ ਸੁਜਾਨਾ ਰਾਮ ਸਵਰਗ ਸਿਧਾਰ ਗਿਆ ਸੀ, ਇਹ ਨਾਮਧਾਰੀ ਸਨ । ਇਹਨਾਂ ਦੀ ਸੰਤਾਨ ਚਾਰ ਪੁੱਤਰ ਸਨ, ਤਿਨ ਮੋਨੇ ਤੇ ਇਕ ਕੇਸਾਧਾਰੀ ਨਾਮਧਾਰੀ । ਪਿਤਾ ਨੂੰ ਪੂਰੇ ਹੋਇਆਂ ਦਸ ਸਾਲ ਹੋ ਚੁੱਕੇ ਸਨ । ਬੀਬੀ ਬੁੱਧਾਂ ਦੇ ਪੁੱਤਰ ਭਾਈ ਗੁਰਮੁਖ ਸਿੰਘ ਨੇ ਆਪਣੀ ਮਾਤਾ ਨੂੰ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਲੈ ਆਂਦਾ ਅਤੇ ਬੇਨਤੀ ਕੀਤੀ ! "ਆਪ ਦਾ ਹੁਕਮ ਹੈ, ਕੋਈ ਵਿਧਵਾ ਨਾ ਰਹੇ । ਮੇਰੇ ਮਾਤਾ ਜੀ ਵਿਧਵਾ ਹਨ ਤੇ ਪਿਤਾ ਜੀ ਨੂੰ ਪੂਰੇ ਹੋਇਆਂ 10 ਸਾਲ ਹੋ ਚੁਕੇ ਹਨ । ਕ੍ਰਿਪਾ ਕਰਕੇ ਇਹਨਾ ਦਾ ਆਨੰਦ ਕਰ ਦਿਓ ।"

ਦੀਵਾਨ ਵਿਚ ਹਾਜ਼ਰ ਸੰਗਤਾਂ ਇਹ ਦ੍ਰਿਸ਼ ਦੇਖ ਕੇ ਧੰਨ ਧੰਨ ਕਰ ਉਠੀਆਂ ।

ਸਤਿਗੁਰਾਂ ਗੁਰਮੁਖ ਸਿੰਘ ਨੂੰ ਥਾਪੜਾ ਦੇ ਕੇ ਉਹਦੀ ਭਾਵਨਾ ਨੂੰ ਸਵੀਕਾਰ ਕੀਤਾ ਤੇ ਉਸ ਦਾ ਹੌਂਸਲਾ ਵਧਾਇਆ ਅਤੇ ਬਾਬਾ ਨਰੈਣ ਸਿੰਘ ਜੀ ਰੋੜਿਆਂ ਵਾਲੇ ਦੁਆਰਾ ਭਾਈ ਝਾਬਾ ਸਿੰਘ (ਪਿੰਡ ਮਹਿਲਾਂ, ਜ਼ਿਲ੍ਹਾ ਸੰਗਰੂਰ) ਨੂੰ ਬੁਲਾ ਕੇ, ਅਰਦਾਸਾ ਕਰਕੇ, ਦੁਹਾਂ ਦਾ ਸਾਥ ਬਣਾ ਦਿੱਤਾ ।

ਕਵੀ ਪ੍ਰੀਤਮ ਸਿੰਘ

ਨਾਮਧਾਰੀ ਸਮਾਜ ਵਿੱਚ ਵਿਆਹ

ਨਾਮਧਾਰੀ ਸਿੱਖਾਂ ਦੇ ਵਿਆਹ ਨੂੰ 'ਅਨੰਦ ਕਾਰਜ' ਆਖਿਆ ਜਾਂਦਾ ਹੈ। ਇਸ ਅਨੰਦ ਕਾਰਜ ਦੀ ਮਰਿਯਾਦਾ 3 ਜੂਨ, 1863 ਈ: ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਤੋਰੀ।

ਪਹਿਲਾਂ ਦੇ ਵਿਆਹ

ਉਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੀ ਪਰੰਪਰਾ ਵਿੱਚ ਆਏ ਸਾਰੇ ਗੁਰੂ ਸਾਹਿਬਾਨ ਦੇ ਆਪਣੇ ਤੇ ਉਨ੍ਹਾਂ ਦੀ ਸਿੱਖ ਸੰਗਤ ਦੇ ਸਾਰੇ ਵਿਆਹ ਬ੍ਰਾਹਮਣੀ ਜਾਂ ਵੈਦਿਕ ਰੀਤ ਨਾਲ ਹੁੰਦੇ ਆਏ ਸਨ। ਗੁਰੂ ਰਾਮ ਸਿੰਘ ਜੀ ਦਾ ਆਪਣਾ ਵਿਆਹ ਵੀ ਬ੍ਰਾਹਮਣੀ ਰੀਤ ਅਨੁਸਾਰ ਹੀ ਹੋਇਆ ਸੀ।

ਇਸਤ੍ਰੀ ਜਾਤੀ ਬਾਰੇ ਉਦੋਂ ਦੀਆਂ ਬ੍ਰਾਹਮਣ ਰੀਤਾਂ ਤੇ ਰਿਵਾਜ-ਧਿੰਗੋਜ਼ੋਰੀ ਦਾ ਰੂਪ ਧਾਰ ਚੁੱਕੇ ਹੋਏ ਸਨ, ਜਿਨ੍ਹਾਂ ਤੋਂ ਪੂਰਾ ਸਮਾਜ ਪਰੇਸ਼ਾਨ ਸੀ। 'ਸਤੀ ਦਾਹ' ਜ਼ੋਰ ਜ਼ਬਰਦਸਤੀ ਦੀ ਰੀਤ ਸੀ, ਵਿਧਵਾ ਵਿਆਹ ਵਰਜਿਤ ਸੀ। ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਆਮ ਚਲਨ ਸੀ। ਕੁੜੀਆਂ ਥੋਹੜੀਆਂ ਰਹਿ ਜਾਣ ਕਰਕੇ ਵੱਟੇ ਸੱਟੇ ਦਾ ਵਿਆਹ ਆਮ ਹੁੰਦਾ ਸੀ ਤੇ ਇਸ ਸਭ ਕੁਝ ਦੇ ਕਾਨੂੰਨੀ ਅਧਿਕਾਰੀ ਬ੍ਰਾਹਮਣਾਂ ਲੋਕ ਸਨ।

ਗੁਰੂ ਰਾਮ ਸਿੰਘ ਜੀ ਨੇ 'ਸਤੀ ਦਾਹ' ਨੂੰ ਰੋਕਣ ਦੀ ਮੁਹਿੰਮ ਚਲਾਈ, ਵਿਧਵਾ ਵਿਆਹ ਨੂੰ ਸਮਾਜਕ ਮਰਿਯਾਦਾ ਦਿੱਤੀ, ਕੁੜੀਆਂ ਮਾਰਨੋਂ ਤੇ ਵੱਟੇ ਦੇ ਵਿਆਹਾਂ ਤੋਂ ਲੋਕਾਂ ਨੂੰ ਵਰਜਿਆ ਅਤੇ ਵਿਆਹ ਦੀ ਗੁਰਮਤਿ ਰੀਤ, ਅਨੰਦ ਕਾਰਜ-ਦੇ ਨਾਮ ਨਾਲ ਪਰਚੱਲਤ ਕੀਤੀ।

ਈਸਵੀ ਸੰਨ ਦੇ ਤਿੰਨ ਜੂਨ 1863 ਵਾਲੇ ਦਿਨ ਖੋਟੇ ਪਿੰਡ, ਜ਼ਿਲ੍ਹਾ ਫਿਰੋਜ਼ਪੁਰ ਹੁਣ ਮੋਗਾ ਵਿੱਚ ਇਕ ਭਾਰੀ ਜੋੜ ਮੇਲਾ ਰੱਖਿਆ ਜਿਸ ਵਿੱਚ ਬਿਨਾਂ ਬ੍ਰਾਹਮਣ ਪੁਰੋਹਿਤਾਂ ਦੀ ਸਹਾਇਤਾ ਤੋਂ ਛੇ ਜੋੜਿਆਂ ਦੇ ਅਨੰਦ ਕਾਰਜ ਕੀਤੇ।

ਬ੍ਰਾਹਮਣਾਂ ਨੇ ਇਸ ਕੰਮ ਦਾ ਘੋਰ ਵਿਰੋਧ ਕੀਤਾ, ਸੜ ਕੇ ਮਰ ਜਾਣ ਦੀ ਧਮਕੀ ਦਿੱਤੀ, ਤੇ ਮਾਮਲਾ ਅੰਗ੍ਰੇਜ਼ ਹਾਕਮਾਂ ਤੱਕ ਪੁਚਾ ਦਿੱਤਾ। ਨਤੀਜੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਕਈ ਸਾਰੀਆਂ ਪੇਸ਼ੀਆਂ ਭੁਗਤਣੀਆਂ ਪਈਆਂ।

ਅਨੰਦ ਕਾਰਜ

ਇਸ ਨਵੀਂ ਰੀਤ ਵਾਲੇ ਅਨੰਦ ਕਾਰਜ ਵਿੱਚ ਗੁਰੂ ਰਾਮ ਸਿੰਘ ਜੀ ਨੇ 'ਹਵਨ' ਅਤੇ ਹੋਮ ਵੇਦੀ ਨੂੰ ਤਾਂ ਸ਼ਾਮਿਲ ਕੀਤਾ ਪਰ ਹਵਨ ਦੇ ਵੈਦਿਕ ਮੰਤਰਾਂ ਦੀ ਥਾਂ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੀਆਂ ਚੋਣਵੀਆਂ ਬਾਣੀਆਂ ਮੰਤਰਾਂ ਵਜੋਂ ਪੜ੍ਹਨ ਦਾ ਸਿਲਸਿਲਾ ਸ਼ੁਰੂ ਕੀਤਾ। ਹੋਮ ਜਾਂ ਹਵਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਇਹ ਹਨ - 1. ਜਪੁਜੀ ਸਾਹਿਬ 2. ਜਾਪ ਸਾਹਿਬ 3. ਚੌਪਈ-ਪੁਨ ਰਾਛਸ ਕਾ ਕਾਟਾ ਸੀਸਾ... 4. ਚੰਡੀ ਚਰਿਤ੍ਰ ਦੂਸਰਾ 5. ਅਕਾਲ ਉਸਤਤ 6. ਚੰਡੀ ਦੀ ਵਾਰ 7. ਉਗ੍ਰਦੰਤੀ। ਹੋਮ ਜਾਂ ਹਵਨ ਵਿੱਚ ਲੱਕੜੀ ਪਲਾਹ ਦੀ ਜਾਂ ਬੇਰੀ ਦੀ ਪਾਉਣੀ, ਹੋਮ ਵਿੱਚ ਫੂਕ ਨਹੀਂ ਮਾਰਨੀ, ਬਾਣੀ ਪੋਥੀਆਂ ਤੋਂ ਪੜ੍ਹਨੀ, ਛੇਵਾਂ ਆਦਮੀ ਜਲ ਦਾ ਛਿੱਟਾ ਦੇਂਦਾ ਰਹੇ ਤੇ ਭਜਨ ਵੀ ਕਰਦਾ

ਰਹੇ। ਹੋਮ ਵਿੱਚ ਅਗਰੂ ਆਦਿ ਵਸਤਾਂ ਨਾਲ ਬਣੀ ਸਾਮਗਰੀ ਘਿਓ ਵਿੱਚ ਮਿਲਾ ਕੇ ਪਾਈ ਜਾਂਦੀ ਹੈ।

ਆਨੰਦ ਕਾਰਜ ਸਮੇਂ ਵੇਦ ਮੰਤਰਾਂ ਦੀ ਥਾਂ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚੋਂ ਗੁਰੂ ਰਾਮਦਾਸ ਜੀ ਦੀ 'ਲਾਵਾਂ' ਨਾਮੀ ਬਾਣੀ ਪੜ੍ਹੀ ਜਾਂਦੀ ਹੈ ਜਿਸ ਵਿੱਚ ਚਾਰ ਲਾਵਾਂ ਹਨ। ਚਾਰ ਹੀ ਫੇਰੇ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਨ ਦਾ ਕਾਰਜ ਕੋਈ ਵੀ ਪਾਠੀ ਸਿੰਘ ਕਰ ਸਕਦਾ ਹੈ।

ਅਨੰਦ ਮੈਰਿਜ ਐਕਟ

ਵੇਖੋ ਵੇਖੀ ਕੁਝ ਸਾਲਾਂ ਵਿੱਚ ਦੂਜੇ-ਗੈਰ ਨਾਮਧਾਰੀ ਸਿੱਖਾਂ ਨੇ ਵੀ ਥੋੜ੍ਹੇ ਬਹੁਤ ਫਰਕ ਨਾਲ ਲਾਵਾਂ ਨਾਮੀ ਗੁਰਬਾਣੀ ਨਾਲ ਵਿਆਹ ਦੇ ਫੇਰੇ ਦੇਣੇ ਸ਼ੁਰੂ ਕਰ ਦਿੱਤੇ। ਇਸ ਵਿੱਚ ਉਨ੍ਹਾਂ ਨੇ ਹੋਮ ਅਤੇ ਵੇਦੀ ਨੂੰ ਸ਼ਾਮਲ ਨਹੀਂ ਕੀਤਾ।

ਬ੍ਰਾਹਮਣ ਪੁਰੋਹਿਤਾਂ ਨੇ ਇਸ ਨੂੰ ਸਿਆਸੀ ਤੇ ਧਾਰਮਕ ਸਵਾਲ ਬਣਾ ਦਿੱਤਾ ਤੇ ਉਸ ਜ਼ਮਾਨੇ ਦੇ ਆਰੀਆ ਸਮਾਜੀਆਂ ਨੇ ਸਿੱਖਾਂ ਦੇ ਅਨੰਦ ਕਾਰਜ ਨੂੰ 'ਨਾਜਾਇਜ਼' ਆਖ ਕੇ ਪਰਚਾਰ ਸ਼ੁਰੂ ਕਰ ਦਿੱਤਾ ਕਿਉਂ ਕਿ ਵਿਆਹ ਦੀ ਬ੍ਰਾਹਮਣ ਰੀਤੀ ਤੋਂ ਵੱਖਰੀ ਕੋਈ ਰੀਤ ਉਸ ਵੇਲੇ ਦੇ ਕਾਨੂੰਨ ਦੇ ਦਾਇਰੇ ਵਿੱਚ ਨਹੀਂ ਸੀ ਆਉਂਦੀ।

ਇਸ ਤੋਂ ਪਰੇਸ਼ਾਨ ਹੋ ਕੇ ਸਿੱਖਾਂ ਦੇ ਬਾਰਸੂਖ ਲੋਕਾਂ ਨੇ ਦਿੱਲੀ ਅਸੈਂਬਲੀ (ਉਸ ਜ਼ਮਾਨੇ ਦੀ ਪਾਰਲੀਮੈਂਟ) ਵਿੱਚੋਂ ਅਨੰਦ ਕਾਰਜ ਸਬੰਧੀ ਕਾਨੂੰਨ ਪਾਸ ਕਰਵਾਣ ਦੀ ਕੋਸ਼ਿਸ਼ ਕੀਤੀ। ਇਸ ਗੱਲ ਤੇ ਇਤਰਾਜ਼ ਇਹ ਆਇਆ ਕਿ ਸਿੱਖਾਂ ਦੇ ਵਿਆਹ ਦਾ ਕੋਈ ਅਜਿਹਾ ਸਿਸਟਮ ਲੰਮੇ ਸਮੇਂ ਤੋਂ ਵਜੂਦ ਵਿੱਚ ਹੀ ਨਹੀਂ ਹੈ, ਜਿਸ ਨੂੰ ਕਾਨੂੰਨ ਦਾ ਆਧਾਰ ਬਣਾਇਆ ਜਾ ਸਕੇ।

ਸੋ ਐਸੇ ਸਮੇਂ ਬਾਰਸੂਖ ਸਿੱਖ ਨੁਮਾਇੰਦਿਆਂ ਨੇ ਗੁਰੂ ਪਰਤਾਪ ਸਿੰਘ ਜੀ ਦੀ ਲਿਖਤੀ ਗਵਾਹੀ ਨਾਲ ਇਹ ਸਾਬਤ ਕੀਤਾ ਕਿ ਨਾਮਧਾਰੀ ਸਿੱਖ ਸਮਾਜ ਵਿੱਚ ਵਿਆਹ ਦੀ 'ਅਨੰਦ ਰੀਤ' ਪੰਜਾਹ ਸਾਲਾਂ ਤੋਂ ਵੀ ਵੱਧ ਸਮੇਂ ਤੋਂ (ਸੰਨ 1863 ਤੋਂ) ਚਲਦੀ ਆ ਰਹੀ ਹੈ।

ਉਸ ਗਵਾਹੀ ਨਾਲ ਸੰਨ 1909 ਵਿੱਚ ਅਨੰਦ ਮੈਰਿਜ ਐਕਟ ਪਾਸ ਹੋ ਗਿਆ।

ਨਾਮਧਾਰੀਆਂ ਦੇ ਅਨੰਦ ਕਾਰਜ ਖੋਟੇ ਪਿੰਡ ਵਿੱਚ ਪਹਿਲੇ ਦਿਨ ਤੋਂ ਹੀ ਛੇ ਵਿਆਹਾਂ ਦੇ ਸਮੂਹ ਜਾਂ ਗਰੁੱਪ ਵਿੱਚ ਸ਼ੁਰੂ ਹੋਏ ਸਨ - ਉਹ ਗਰੁੱਪ ਸਿਸਟਮ ਤਾਂ ਹੁਣ ਤੱਕ ਚਲਦਾ ਆ ਰਿਹਾ ਹੈ, ਪਰ ਸਮੇਂ ਸਮੇਂ ਇਕੱਲੇ ਇਕੱਲੇ ਜੋੜੇ ਦਾ ਵਿਆਹ ਵੀ ਹੁੰਦਾ ਆ ਰਿਹਾ ਹੈ। ਉਂਜ ਸਮੂਹਿਕ ਵਿਆਹਾਂ ਦਾ ਚਲਨ ਹੌਲੀ ਹੌਲੀ ਬਹੁਤ ਜ਼ਿਆਦਾ ਹੋ ਗਿਆ, ਜਿਸ ਅਨੁਸਾਰ ਇਕੋ ਸਮੇਂ ਦਸ, ਵੀਹ, ਪੰਜਾਹ, ਸੌ ਵਿਆਹ ਇਕੋ ਵਾਰੀ ਹੋ ਜਾਂਦੇ ਹਨ। ਇਹ ਵਿਆਹ ਅਕਸਰ ਨਾਮਧਾਰੀ ਮੇਲਿਆਂ ਵਿਚ ਵਰਤਮਾਨ ਗੁਰੂ ਦੀ ਹਜ਼ੂਰੀ ਵਿੱਚ ਹੁੰਦੇ ਹਨ। ਪਰ ਕਦੇ ਕਦੇ ਉਹਨਾਂ ਵੱਲੋਂ ਮਿਥੇ ਹੋਏ ਸੂਬਿਆਂ ਜਾਂ ਪ੍ਰਬੰਧਕ ਗਰੁੱਪਾਂ ਦੀ ਹਾਜ਼ਰੀ ਵਿੱਚ ਵੀ ਇੱਕ ਦੋ ਜਾਂ ਕੁੱਝ ਵੱਧ ਵਿਆਹ ਨਾਮਧਾਰੀ ਗੁਰਦੁਆਰਿਆਂ ਵਿੱਚ ਹੋ ਜਾਂਦੇ ਹਨ।

ਪਹਿਲਿਆਂ ਸਮਿਆਂ ਵਿੱਚ ਵਿਆਹ ਆਪਸ ਵਿੱਚ ਮਿਲਦੀਆਂ ਜਾਤੀਆਂ ਵਿੱਚ ਹੀ ਹੁੰਦੇ ਸਨ, ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਰੀਤ ਨੂੰ ਤੋੜ ਕੇ ਅਲਗ ਅਲਗ ਜਾਤੀਆਂ ਵਿਚ ਵੀ ਵਿਆਹ ਕਰਵਾਉਣ ਦਾ ਚਲਣ ਬਣਾ ਦਿੱਤਾ ਸੀ। ਹੁਣ ਬ੍ਰਾਹਮਣ

ਲੜਕੀ ਦਾ ਵਿਆਹ ਰਾਮਗੜ੍ਹੀਆ ਲੜਕੇ ਨਾਲ ਜਾਂ ਅਰੋੜੇ-ਖਤਰੀ ਲੜਕੇ ਦਾ ਵਿਆਹ ਘੁਮਿਆਰ ਜਾਂ ਛੀਂਬੇ ਨਾਲ ਵੀ ਹੋ ਸਕਦਾ ਹੈ। ਇਸ ਸੂਚੀ ਵਿੱਚ ਜੱਟ, ਬ੍ਰਾਹਮਣ, ਅਰੋੜੇ, ਖੱਤਰੀ, ਤਰਖਾਣ, ਕੰਬੋ, ਸੁਨਿਆਰੇ, ਛੀਂਬੇ ਆਦਿ ਸਭ ਆ ਜਾਂਦੇ ਹਨ, ਤੇ ਕਿਸੇ ਦਾ ਵਿਆਹ ਕਿਸੇ ਨਾਲ ਵੀ ਹੋ ਸਕਦਾ ਹੈ।

ਵਿਆਹਾਂ ਦੀ ਅਨੰਦ ਸ਼ਤਾਬਦੀ : 3 ਜੂਨ 1963 ਪਿੰਡ ਖੋਟੇ ਵਿਖੇ

ਉਸ ਸਮੇਂ ਏਡਾ ਵੱਡਾ ਮੈਦਾਨ ਵਿਆਹਾਂ ਲਈ ਤਿਆਰ ਕੀਤਾ ਗਿਆ, ਜਿਸ ਵਿੱਚ ਤਿੰਨ ਸੌ ਕੁੜੀਆਂ ਮੁੰਡੇ ਇਕੱਠੇ ਇੱਕੋ ਸਮੇਂ ਫੇਰੇ ਲੈ ਸਕਣ। ਵਿਚਕਾਰ ਇੱਕ ਵੱਡਾ ਸਾਰਾ ਹਵਨ ਕੁੰਡ ਬਣਾਇਆ ਗਿਆ। ਚਾਰੇ ਪਾਸੇ ਲੰਮੀਆਂ ਬੱਲੀਆਂ ਗੱਡ ਕੇ ਵਿਸ਼ਾਲ ਵੇਦੀ ਬਣਾਈ ਗਈ। ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਦਾ ਕੋਲ ਹੀ ਪ੍ਰਕਾਸ਼ ਕੀਤਾ ਗਿਆ ਜਿਨ੍ਹਾਂ ਦੀ ਤਾਬਿਆ ਇਕ ਤੋਂ ਵੱਧ ਏਨੇ ਪਾਠੀ ਬਿਠਾਏ ਗਏ, ਜਿੰਨੇ ਵਿਆਹ ਹੋਣੇ ਸਨ। ਸਭਨਾਂ ਨੇ ਇਕ ਸੁਰ ਵਿੱਚ ਲਾਵਾਂ ਦਾ ਉਚਾਰਨ ਕੀਤਾ ਤੇ 150 ਜੋੜਿਆਂ ਨੇ ਉਨ੍ਹਾਂ ਲਾਵਾਂ ਦੀ ਧੁਨ ਅਨੁਸਾਰ ਚਾਰ ਫੇਰੇ ਲਏ। ਸਤਿਗੁਰੂ ਜਗਜੀਤ ਸਿੰਘ ਜੀ ਉਸ ਸਾਰੇ ਸਮਾਗਮ ਵਿੱਚ ਸੁਸ਼ੋਭਿਤ ਰਹੇ।

ਕੇਵਲ ਸਵਾ ਰੁਪਏ ਵਿੱਚ ਵਿਆਹ

ਇਕ ਗੱਲ ਤਾਂ ਆਮ ਮਸ਼ਹੂਰ ਹੈ ਕਿ ਨਾਮਧਾਰੀਆਂ ਦਾ ਵਿਆਹ ਕੇਵਲ ਸਵਾ ਰੁਪਏ ਵਿੱਚ ਹੋ ਜਾਂਦਾ ਹੈ।

ਸੁਭਾਵਕ ਹੀ ਸਵਾਲ ਉਠੇਗਾ ਕਿ ਕਿਵੇਂ ?

ਪਹਿਲੀ ਗੱਲ ਤਾਂ ਇਹ ਹੈ ਕਿ ਨਾ ਜੰਞ ਜਾਂਦੀ ਹੈ ਖਰਚ ਕਰਕੇ ਅਤੇ ਨਾ ਜੰਞ ਦਾ ਸਵਾਗਤ ਕੀਤਾ ਜਾਂਦਾ ਹੈ-ਖਰਚ ਝੱਲ ਕੇ। ਨਾ ਮੇਲ ਸੱਦਿਆ ਜਾਂਦਾ ਹੈ, ਨਾ ਮਿਲਣੀਆਂ ਹੁੰਦੀਆਂ ਹਨ, ਨਾ ਮੁੰਡਾ ਘੋੜੀ ਚੜ੍ਹਦਾ ਹੈ, ਨਾ ਸੇਹਰਾ ਬੱਝਦਾ ਹੈ ਤੇ ਨਾ ਹੀ ਕਲਗੀ ਸਜਦੀ ਹੈ।

ਆਖਿਆ ਤੇ ਸੋਚਿਆ ਜਾ ਸਕਦਾ ਹੈ ਕਿ ਫਿਰ ਸਵਾਦ ਕੀ ਹੋਇਆ ਵਿਆਹ ਦਾ ? ਨਾ ਭੰਗੜਾ, ਨਾ ਬੈਂਡ ਵਾਜਾ, ਨਾ ਸ਼ਰਾਬ ਦੀਆਂ ਬੋਤਲਾਂ, ਨਾ ਮਾਸ ਦੀਆਂ ਦੇਗਾਂ, ਨਾ ਮੂਧੇ ਮੂੰਹ ਪਿਆ ਬਕੜਵਾਹ, ਨਾ ਰੌਣਕਾਂ ਦੇ ਬੁਲਬੁਲੇ, ਨਾ ਡਾਂਗ ਸੋਟੇ।

ਪਰ ਸੱਚ ਤਾਂ ਇਹ ਹੈ ਕਿ ਰੌਣਕਾਂ ਵੀ ਬਹੁਤ ਹੁੰਦੀਆਂ ਨੇ, ਮੇਲੀ ਦੀ ਥਾਂ ਮੇਲੇ ਹੁੰਦੇ ਨੇ। ਮੇਲੇ ਵਿੱਚ ਸੰਗਤ ਰੂਪ ਵਿੱਚ ਆਏ ਸਭ ਰਿਸ਼ਤੇਦਾਰਾਂ ਦੇ ਮੇਲੇ ਵੀ। ਢੋਲ ਢਮੱਕੇ ਵੀ ਹੁੰਦੇ ਨੇ ਪਰ ਰੱਬੀ ਸੰਗੀਤ ਦੇ ਰੰਗ ਵਿੱਚ ਰੰਗੇ ਕੀਰਤਨ ਨਾਲ। ਆਮ ਤੌਰ ਤੇ ਮੇਲਿਆਂ ਵਿੱਚ ਹੀ ਵਿਆਹ ਹੁੰਦੇ ਹੋਣ ਕਰਕੇ, ਬਹੁਤੇ ਨਾਮਧਾਰੀ ਮੇਲਿਆਂ ਵਿੱਚ ਮੌਜੂਦ ਰਹਿੰਦੇ ਨੇ। ਵਿਆਹ ਆਮ ਤੌਰ ਤੇ ਸਵੇਰੇ ਹੀ ਹੁੰਦੇ ਹਨ। ਸਵੇਰੇ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਜਿਸ ਵਿੱਚ ਦਿਲਰੁਬਾ, ਤਾਊਸ, ਤਾਰ ਸ਼ਹਨਾਈ, ਸਰੋਦ, ਸਿਤਾਰ, ਬੰਸਰੀ, ਸਾਰੰਗੀ ਤੇ ਤਬਲਾ ਸਭ ਸਾਜਾਂ ਦਾ ਯੋਗਦਾਨ ਰਹਿੰਦਾ ਹੈ। ਰੱਬੀ ਬਾਣੀ ਦਾ ਕੀਰਤਨ, ਫਿਰ ਅਨੰਦ ਤੇ ਮਸਤੀ ਕਿਉਂ ਨਾ ਆਵੇ। ਪਰ ਇਹ ਮਸਤੀ-ਰੱਬੀ ਰੰਗ ਦੀ ਹੁੰਦੀ ਹੈ। ਸ਼ਰਾਬ ਭੰਗੜੇ ਤੇ ਢੋਲਾਂ ਦੀ ਨਹੀਂ। ਲੰਗਰ ਗੁਰੂ ਦਾ ਵਰਤਦਾ ਹੈ, ਜਿਸ ਵਿੱਚੋਂ ਧੇਤੇ ਪੁਤੇਤੇ ਸਭ ਖਾਂਦੇ ਰਜਦੇ ਨਿਹਾਲ ਹੁੰਦੇ ਨੇ।

ਉਂਜ ਮੇਲਿਆਂ ਵਿੱਚ ਵਿਆਹ ਦਾ ਪੱਕਾ ਚਲਣ ਬੀਤੇ ਚਾਲ੍ਹੀ ਪੰਜਾਹ ਸਾਲਾਂ ਤੋਂ ਹੋਇਆ ਹੈ। ਉਸ ਤੋਂ ਪਹਿਲਾਂ ਜੰਞਾਂ ਜਾਂਦੀਆਂ ਸਨ ਤੇ ਮੁੰਡਾ ਘੋੜੀ ਵੀ ਚੜ੍ਹਦਾ ਸੀ। ਜੰਞਾਂ ਦਾ ਸਵਾਗਤ 'ਹਮ ਘਰ ਸਾਜਨ ਆਏ, ਸਾਚੇ ਮੇਲ ਮਿਲਾਏ' ਵਰਗੇ ਸਮੇਂ ਨਾਲ ਢੁਕਦੇ ਸ਼ਬਦਾਂ ਅਤੇ ਢੋਲਕੀ ਛੈਣਿਆਂ ਨਾਲ ਹੁੰਦਾ ਸੀ।

ਪਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਏਨੇ ਕੁ ਅਡੰਬਰ ਨਾਲ ਵੀ ਦੋਹਾਂ ਧਿਰਾਂ ਦਾ ਕਾਫੀ ਖਰਚ ਹੋ ਜਾਂਦਾ ਹੈ, ਜਿਸ ਨੂੰ ਹਰ ਕੋਈ ਸੌਖਿਆਂ ਨਹੀਂ ਕਰ ਸਕਦਾ। ਬਹੁਤ ਸਾਰੇ ਲੋਕ ਤਾਂ ਰੀਸੋ ਰੀਸੀ ਕਰਜਾਈ ਹੋ ਜਾਂਦੇ ਨੇ-ਤੇ ਫਿਰ ਵਿਆਹ ਸਮੇਂ ਚੁੱਕੇ ਕਰਜ਼ੇ ਨੂੰ ਉਤਾਰਦਿਆਂ ਹੀ ਉਨ੍ਹਾਂ ਦੇ ਵਰ੍ਹੇ ਬੀਤ ਜਾਂਦੇ ਨੇ। ਸੋ ਉਨ੍ਹਾਂ ਨੇ ਹੁਕਮ ਕਰ ਦਿੱਤਾ ਕਿ ਘਰ ਵਿੱਚ ਵਿਆਹ ਕਰਨਾ ਹੀ ਨਹੀਂ, ਜੰਞ-ਘੋੜੀ ਵਾਲੇ ਪਾਸੇ ਝਾਕਣਾ ਹੀ ਨਹੀਂ। ਵਿਆਹ ਮੇਲੇ ਵਿੱਚ ਜਾਂ ਕਿਸੇ ਨਾਮਧਾਰੀ ਗੁਰਦੁਆਰੇ ਵਿੱਚ ਗੁਰਾਂ ਵਲੋਂ ਮਿੱਥੇ ਨਾਮਧਾਰੀ ਸੂਬਿਆਂ ਜਾਂ ਪ੍ਰਬੰਧਕਾਂ ਦੀ ਹਾਜ਼ਰੀ ਵਿੱਚ ਹੀ ਕਰਨਾ ਹੈ।

ਵਿਆਹ ਤੋਂ ਪਹਿਲਾਂ ਆਮ ਤੌਰ ਤੇ ਪ੍ਰਬੰਧਕਾਂ ਵੱਲੋਂ ਕੁੜੀ-ਮੁੰਡੇ ਕੋਲੋਂ ਜ਼ਬਾਨੀ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਸੁਣੀ ਜਾਂਦੀ ਹੈ। ਇਸ ਲਈ ਦੋਹਾਂ ਨੂੰ ਹੀ ਉਸ ਦੀ ਤਿਆਰੀ ਰਖਣੀ ਪੈਂਦੀ ਹੈ।

ਕਿਸ ਮੁੰਡੇ ਤੇ ਕਿਸ ਕੁੜੀ ਦਾ ਆਪਸ ਵਿੱਚ ਵਿਆਹ ਹੋਵੇ-ਇਸ ਦਾ ਫੈਸਲਾ ਕੁੜੀ ਤੇ ਮੁੰਡੇ ਦੇ ਮਾਪੇ ਪਰਸਪਰ ਸਮਾਜਕ ਜਾਣਕਾਰੀ ਦੇ ਅਧਾਰ ਤੇ ਇਕ ਦੂਜੇ ਨਾਲ ਮਿਲ ਕੇ ਕਰਦੇ ਹਨ-ਤੇ ਫਿਰ ਗੁਰੂ ਜੀ ਕੋਲੋਂ ਜਾਂ ਸਥਾਨਕ ਸੂਬੇ ਕੋਲੋਂ ਉਸ ਦੀ ਮਨਜ਼ੂਰੀ ਲੈਂਦੇ ਹਨ। ਕਈ ਵਾਰੀ ਆਪਣੀ ਕੋਸ਼ਿਸ਼ ਸਫਲ ਨਾ ਹੋਣ ਤੇ ਸਤਿਗੁਰਾਂ ਅੱਗੇ ਅਰਜ਼ ਕਰਦੇ ਹਨ ਕਿ ਕਿਰਪਾ ਕਰਕੇ ਸਾਡੇ ਲੜਕੇ ਜਾਂ ਲੜਕੀ ਦਾ ਅਨੰਦ ਕਰਵਾ ਦਿਓ। ਉਸ ਹਾਲਤ ਵਿੱਚ ਗੁਰੂ ਜੀ ਦੋਹਾਂ ਧਿਰਾਂ ਨੂੰ ਕਿਸੇ ਨਾ ਕਿਸੇ ਲੜਕੇ-ਲੜਕੀ ਦੀ ਦੱਸ ਪਾ ਦੇਂਦੇ ਹਨ, ਜਾਂ ਹੁਕਮ ਕਰਕੇ ਵੀ ਉਨ੍ਹਾਂ ਨੂੰ ਰਜ਼ਾਮੰਦ ਕਰ ਲੈਂਦੇ ਹਨ। ਗੁਰੂ ਜੀ ਕਿਸੇ ਵੇਲੇ ਰਜ਼ਾ ਅਨੁਸਾਰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਵਿਆਹ ਕਰ ਦੇਂਦੇ ਹਨ।

ਪਹਿਰਾਵਾ ਕੁੜੀ-ਮੁੰਡੇ ਦਾ

ਵਿਆਹ ਸਮੇਂ ਕੁੜੀ-ਮੁੰਡੇ ਕਿਸੇ ਦਾ ਵੀ ਬਿਊਟੀ ਪਾਰਲਰ ਵਿੱਚ ਜਾਣ ਦਾ ਕੋਈ ਸਵਾਲ ਨਹੀਂ। ਵਿਆਹ ਤੋਂ ਪਹਿਲਾਂ ਕੁੜੀ ਵੀ ਤੇ ਮੁੰਡਾ ਵੀ ਸਣਕੇਸੀਂ ਇਸ਼ਨਾਨ ਕਰਕੇ ਸੰਗਤ ਵਿੱਚ ਆਉਂਦੇ ਹਨ। ਵਿਆਹ ਸਮੇਂ ਪਹਿਰਾਵਾ ਦੋਹਾਂ ਦਾ ਹੀ ਸਫੇਦ ਹੁੰਦਾ ਹੈ। ਕਲੀਆਂ ਵਾਲਾ ਕੁੜਤਾ ਜੋ ਗੋਡਿਆਂ ਤਕ ਪੁੱਜਦਾ ਹੋਵੇ। ਕੁੜੀ ਦੇ ਸਿਰ ਚਿੱਟਾ ਪੂਰਾ ਦੁੱਪਟਾ ਹੁੰਦਾ ਹੈ-ਜੋ ਸਿਰ ਤੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਦਾ ਹੋਵੇ। ਕੁੜੀ ਦੇ ਤੇੜ ਚੂੜੀਦਾਰ ਸਲਵਾਰ ਹੁੰਦੀ ਹੈ, ਜਿਸ ਨੂੰ ਪੈਰਾਂ ਦੇ ਕੋਲ ਦੋ ਤਿੰਨ ਚੂੜੀਆਂ ਪੈਂਦੀਆਂ ਹੋਣ। ਸਲਵਾਰ ਦਾ ਪਹੁੰਚਾ ਏਨਾ ਕੁ ਖੁਲ੍ਹਾ ਹੁੰਦਾ ਹੈ - ਜੋ ਆਸਾਨੀ ਨਾਲ ਪੈਰਾਂ 'ਚੋਂ ਲੰਘ ਜਾਵੇ। ਗੁਰਸਿੱਖ ਮਰਿਯਾਦਾ ਅਨੁਸਾਰ ਰੇਬ ਕਛਹਿਰਾ ਸਲਵਾਰ ਦੇ ਅੰਦਰ ਸਦੀਵੀ ਰੂਪ ਵਿੱਚ ਰਹਿੰਦਾ ਹੀ ਹੈ। ਵਿਆਹ ਵੇਲੇ ਚਿੱਟੀਆਂ ਜ਼ੁਰਾਬਾਂ ਪਾਈਆਂ ਜਾ ਸਕਦੀਆਂ ਹਨ।

ਮੁੰਡੇ ਦਾ ਕੁੜਤਾ ਕਲੀਆਂ ਵਾਲਾ ਹੁੰਦਾ ਹੈ ਤੇ ਲੱਕ ਕੇਵਲ ਗੁਰਸਿੱਖਾਂ ਵਾਲਾ ਰੇਬ ਕਛਹਿਰਾ। ਵਿਆਹ ਸਮੇਂ ਪਜਾਮਾ ਨਹੀਂ ਪਹਿਨਿਆਂ ਜਾਂਦਾ-ਪੈਂਟ ਦਾ ਤਾਂ ਸਵਾਲ ਹੀ ਨਹੀਂ। ਕਛਹਿਰਾ ਗੋਡਿਆਂ ਦੀ ਚੱਪਣੀ ਤੋਂ ਇਕ ਦੋ ਉਂਗਲਾਂ ਉਚਾ ਹੁੰਦਾ ਹੈ।

ਕੁੜੀ ਸਣਕੇਸੀਂ ਇਸ਼ਨਾਨ ਕਰਕੇ ਅਤੇ ਸਿਰ ਦੇ ਪਿੱਛੇ ਗਰਦਨ ਤੋਂ ਥੋੜ੍ਹਾ ਉਪਰ ਕੇਸਾਂ ਦਾ ਜੂੜਾ ਕਰਦੀ ਹੈ।

ਮੁੰਡਾ ਵੀ ਸਣਕੇਸੀਂ ਇਸ਼ਨਾਨ ਕਰਕੇ ਸਿਰ ਦੇ ਵਿਚਕਾਰ ਜੂੜਾ ਕਰਦਾ ਤੇ ਸਿੱਧੀ ਚਿੱਟੀ ਨਾਮਧਾਰੀ ਦਸਤਾਰ ਸਜਾਉਂਦਾ ਹੈ। ਮੁੰਡੇ ਦੇ ਮੋਢੇ ਉਤੇ ਇਕ ਪਤਲਾ ਲੰਮਾ ਪੱਲਾ ਹੁੰਦਾ ਹੈ - ਜਿਸ ਨਾਲ ਕੁੜੀ ਦੇ ਦੁਪੱਟੇ ਦੀ ਕੰਨੀ ਬੰਨ੍ਹ ਦਿੱਤੀ ਜਾਂਦੀ ਹੈ। ਇਹ ਗੰਢ ਚਿਤਰਾਵਾ-ਉਸ ਵੇਲੇ ਦੇ ਪ੍ਰਬੰਧਕ ਸਿੰਘਾਂ ਵਿੱਚੋਂ ਕੋਈ ਇਕ ਕਰਦਾ ਹੈ। ਚਿਤਰਾਵੇ ਵਾਲੀ ਗੰਢ ਵਿਚ ਕੁੜੀ ਤੇ ਮੁੰਡੇ ਦੋਹਾਂ ਦੇ ਮਾਪਿਆਂ ਵੱਲੋਂ ਦਿੱਤਾ ਸਵਾ ਸਵਾ ਰੁਪਇਆ-ਕੁਲ ਢਾਈ ਰੁਪਏ ਬੰਨ੍ਹ ਦਿੱਤੇ ਜਾਂਦੇ ਹਨ। ਇਹੋ ਸਵਾ ਸਵਾ ਰੁਪਇਆ ਹੀ ਨਾਮਧਾਰੀ ਵਿਆਹ ਦੇ ਖਰਚ ਵਜੋਂ ਪ੍ਰਸਿੱਧ ਹੈ।

ਵਿਆਹ ਤੋਂ ਪਹਿਲਾਂ ਮੁੰਡਾ ਉਸ ਲਈ ਮਿਥੇ ਆਸਣ ਉਪਰ ਬੈਠਦਾ ਹੈ। ਫਿਰ ਕੁੜੀ ਆਣ ਕੇ ਉਸ ਨੂੰ ਮੱਥਾ ਟੇਕ ਕੇ ਉਸ ਦੇ ਖੱਬੇ ਪਾਸੇ ਬੈਠ ਜਾਂਦੀ ਹੈ। ਕੁੜੀ ਨੇ ਘੁੰਡ ਨਹੀਂ ਕੱਢਿਆ ਹੁੰਦਾ, ਨਾ ਝੁੰਬਲਮਾਟਾ ਮਾਰੀ ਨੂੰ ਉਸ ਦੇ ਰਿਸ਼ਤੇਦਾਰ ਲਿਆ ਕੇ ਬਿਠਾਉਂਦੇ ਨੇ।

ਗੰਢ ਚਿਤਰਾਵੇ ਤੋਂ ਬਾਅਦ ਸੋਧੀ ਅੰਮ੍ਰਿਤਧਾਰੀ ਸਿੰਘ ਦੋਹਾਂ ਨੂੰ ਅੰਮ੍ਰਿਤ ਛਕਾਉਂਦਾ ਹੈ। ਕੁੜੀ ਚੌਕੜੀ ਮਾਰਿਆਂ ਹੋਇਆਂ ਹੀ ਅੰਮ੍ਰਿਤ ਛਕਦੀ ਹੈ, ਪਰ ਮੁੰਡੇ ਨੂੰ ਬੀਰ ਆਸਣ ਵਿੱਚ ਅੰਮ੍ਰਿਤ ਛਕਾਇਆ ਜਾਂਦਾ ਹੈ। ਬੀਰ ਆਸਣ ਦਾ ਅਰਥ ਹੈ-ਮੁੰਡਾ ਖੱਬੀ ਲੱਤ ਪੂਰੀ ਤਰ੍ਹਾਂ, ਮੋੜ ਕੇ ਉਸ ਗੋਡੇ ਨੂੰ ਜ਼ਮੀਨ ਤੇ ਟਿਕਾ ਦੇਂਦਾ ਹੈ, ਤੇ ਸੱਜੀ ਲੱਤ ਨੂੰ ਗੋਡੇ ਤੋਂ ਮੋੜ ਕੇ ਸਿੱਧਾ ਬਹਿ ਜਾਂਦਾ ਹੈ। ਮੁੰਡੇ ਦੇ ਲੱਕ ਕਮਰਕੱਸਾ ਕੀਤਾ ਜਾਂਦਾ ਹੈ ਤੇ ਉਸ ਕਮਰਕੱਸੇ ਵਿੱਚ ਇਕ ਪਾਸੇ ਵੱਖੀ ਦੇ ਕੋਲ ਛੋਟਾ ਜਿਹਾ ਸਫਾਜੰਗ (ਟਕੂਆ) ਅੜਾਇਆ ਜਾਂਦਾ ਹੈ। ਕੁੜੀ ਨੂੰ ਕਮਰਕੱਸਾ ਨਹੀਂ ਲਵਾਇਆ ਜਾਂਦਾ, ਨਾ ਸਫਾਜੰਗ ਹੀ ਅੜਾਇਆ ਜਾਂਦਾ ਹੈ।

ਇਸ ਤੋਂ ਅਗਾਂਹ ਅੰਮ੍ਰਿਤ ਛਕਾਉਣ ਦੀ ਵਿਧੀ ਦੋਹਾਂ ਲਈ ਇਕੋ ਜਿਹੀ ਹੈ। ਖੱਬੇ ਹੱਥ ਦੀ ਥੋੜ੍ਹੀ ਅੰਦਰ ਨੂੰ ਮੋੜੀ ਤਲੀ ਉਪਰ ਸੱਜੇ ਹੱਥ ਦੀ ਤਲੀ ਨੂੰ ਕਟੋਰਾਨੁਮਾ ਬਣਾਇਆ ਜਾਂਦਾ ਹੈ। ਅੰਮ੍ਰਿਤ ਛਕਾਉਣ ਵਾਲਾ ਸਿੰਘ ਉਸ ਤਲੀ ਵਿੱਚ ਅੰਮ੍ਰਿਤ ਪਾ ਕੇ ਆਖਦਾ ਹੈ - "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਅਤੇ ਮੁੰਡਾ ਜਾਂ ਕੁੜੀ ਉਹ ਅੰਮ੍ਰਿਤ ਬੁੱਲ੍ਹਾਂ ਤੱਕ ਲਿਜਾਣ ਤੋਂ ਪਹਿਲਾਂ ਆਖਦੇ ਨੇ - "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਇਸੇ ਤਰ੍ਹਾਂ ਪੰਜ ਵਾਰੀ ਅੰਮ੍ਰਿਤ-ਪਾਨ ਕਰਵਾਇਆ ਜਾਂਦਾ ਤੇ ਪੰਜ ਵਾਰੀ ਹੀ ਫਤਿਹ ਬੁਲਵਾਈ ਜਾਂਦੀ ਹੈ। ਫਿਰ ਅੱਖਾਂ ਖੁਲ੍ਹੀਆਂ ਰਖ ਕੇ ਪੰਜ ਪੰਜ ਵਾਰੀ ਅੱਖਾਂ ਵਿੱਚ, ਅਤੇ ਪੰਜ ਵਾਰੀ ਹੀ ਕੇਸਾਂ ਵਿੱਚ ਅੰਮ੍ਰਿਤ ਦੇ ਛੱਟੇ ਮਾਰੇ ਜਾਂਦੇ ਹਨ ਤੇ ਵਾਹਿਗੁਰੂ ਜੀ ਕੀ ਫਤਿਹ ਬੁਲਵਾਈ ਜਾਂਦੀ ਹੈ। ਫਿਰ ਉਨ੍ਹਾਂ ਦੇ ਹੱਥ ਮੂੰਹ ਸੁੱਚੇ ਜਲ ਨਾਲ ਧਵਾ ਦਿੱਤੇ ਜਾਂਦੇ ਹਨ।

ਲਾਵਾਂ ਫੇਰੇ

ਹਵਨ ਕੁੰਡ ਤੇ ਵੇਦੀ ਤੋਂ ਥੋੜ੍ਹੀ ਦੂਰੀ ਉਪਰ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਕੋਲ ਹੀ ਗੁਰੂ ਜੀ ਆਪਣੇ ਆਸਣ ਉਪਰ ਬੈਠਦੇ ਹਨ। ਜਿੰਨੇ ਜੋੜਿਆਂ ਦੇ ਵਿਆਹ ਹੋਣੇ ਹੋਣ ਉਹਨਾਂ ਦੇ ਹਿਸਾਬ ਹੀ ਪਾਠੀ ਜਨ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹੁੰਦੇ ਹਨ। ਹੁਕਮ ਮਿਲਦਿਆਂ ਹੀ ਪਾਠੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਚੌਥੀ ਪਾਤਸ਼ਾਹੀ ਦੀ ਬਾਣੀ 'ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ.... ਤੋਂ ਉਚਾਰਨ ਕਰਦੇ ਹਨ। ਉਸੇ ਵੇਲੇ ਨਾਲ ਦੀ ਨਾਲ ਹੀ ਉਠ ਕੇ ਮੁੰਡਾ ਅੱਗੇ ਤੇ ਕੁੜੀ ਪਿੱਛੇ ਵੇਦੀ ਦੇ ਅੰਦਰ ਤੇ ਹਵਨ ਕੁੰਡ ਦੇ ਦਵਾਲੇ ਪਹਿਲਾ ਫੇਰਾ ਲੈਣ ਲੱਗਦੇ ਹਨ। ਓਧਰੋਂ ਲਾਂਵ ਪੂਰੀ ਹੁੰਦੀ ਹੈ, ਏਧਰ ਇਨ੍ਹਾਂ ਦਾ ਫੇਰਾ। ਜਿੰਨਾ ਚਿਰ ਫੇਰਾ ਪੂਰਾ ਨਹੀਂ ਹੁੰਦਾ ਓਨਾ ਚਿਰ ਪਾਠੀ ਦੂਜੀ ਲਾਂਵ ਦਾ ਉਚਾਰਨ ਸ਼ੁਰੂ ਨਹੀਂ ਕਰਦੇ। ਫਿਰ ਦੂਜੀ ਲਾਂਵ ਦਾ ਉਚਾਰਨ ਸ਼ੁਰੂ ਹੁੰਦਾ ਹੈ ਤੇ ਦੂਜੇ ਫੇਰੇ ਦਾ ਆਰੰਭ ਵੀ। ਏਸੇ ਤਰ੍ਹਾਂ, ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਤੇ ਚਾਰ ਫੇਰੇ ਪੂਰੇ ਕੀਤੇ ਜਾਂਦੇ ਹਨ। ਫੇਰੇ ਲੈਣ ਤੋਂ ਬਾਅਦ ਜੋੜੀ ਫਿਰ ਆਪਣੇ ਆਪਣੇ ਆਸਣ ਤੇ ਬਹਿ ਜਾਂਦੀ ਹੈ ਤੇ ਉਨ੍ਹਾਂ ਨੂੰ ਕੜਾਹ ਪ੍ਰਸ਼ਾਦ ਮਿਲਦਾ ਹੈ।

ਨਾਮਧਾਰੀ ਅਨੰਦ ਮਰਿਯਾਦਾ ਅਨੁਸਾਰ-ਵਿਆਹ ਦੇ ਫੇਰੇ ਚਾਰ ਹੀ ਹੁੰਦੇ ਹਨ ਅਤੇ ਉਹ ਸੱਜਿਉਂ ਖੱਬੇ ਨੂੰ ਅਰਥਾਤ ਐਂਟੀ ਕਲੌਕ ਵਾਈਜ਼ ਹੁੰਦੇ ਹਨ। ਜੇ ਦੋਹਾਂ ਵਿੱਚੋਂ ਕਿਸੇ ਦੇ ਮਾਪਿਆਂ ਨੇ ਵਿਆਹ ਦੇ ਨਮਿਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਹੋਇਆ ਹੋਵੇ ਤਾਂ ਉਸ ਪਾਠ ਦੇ ਭੋਗ ਦੇ ਸਲੋਕ ਪੜ੍ਹੇ ਜਾਂਦੇ ਹਨ। ਫਿਰ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਕੀਰਤਨ ਹੁੰਦਾ ਹੈ, ਖਲੋ ਕੇ ਅਰਦਾਸ ਹੁੰਦੀ ਹੈ ਤੇ ਫਿਰ ਗੰਢ ਚਿਤਰਾਵਾ ਖੋਹਲ ਦਿੱਤਾ ਜਾਂਦਾ ਹੈ। ਅੰਤ ਤੇ ਮੁੰਡਾ-ਕੁੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਜੀ ਨੂੰ ਮੱਥਾ ਟੇਕਣ ਆਉਂਦੇ ਹਨ। ਗੁਰੂ ਜੀ ਅਸ਼ੀਰਵਾਦ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਪਦੇਸ਼ ਦੇਂਦੇ ਹਨ ਕਿ ਆਪਸ ਵਿੱਚ ਪ੍ਰੇਮ ਪਿਆਰ ਨਾਲ ਰਹਿਣਾ, ਨਾਮ ਬਾਣੀ ਦਾ ਸਿਮਰਨ ਕਰਨਾ। ਦਾਜ ਨਾ ਲੈਣਾ ਨਾ ਦੇਣਾ, ਘਰ ਜਾ ਕੇ ਕੋਈ ਵਿਆਹ ਪਾਰਟੀ ਨਹੀਂ ਕਰਨੀ। ਗੁਰਮੁਖਾਂ ਵਾਲਾ ਜੀਵਨ ਜਿਊਣਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਕਰੀਬ ਪਉਣੇ ਘੰਟੇ ਵਿੱਚ ਅਨੰਦ ਕਾਰਜ ਦੀ ਰਸਮ ਸੰਪੂਰਨ ਹੋ ਜਾਂਦੀ ਹੈ। ਸੂਰਜ ਉਦੈ ਹੋਣ ਦੇ ਨਾਲ ਹੀ ਜਦੋਂ ਅਜੇ ਬਹੁਤ ਦੁਨੀਆ ਸੁੱਤੀ ਹੀ ਹੁੰਦੀ ਹੈ, ਨਾਮਧਾਰੀ ਅਨੰਦ ਕਾਰਜ ਦੀ ਪਹਿਲੀ ਤੇ ਆਖਰੀ ਰਸਮ ਪੂਰੀ ਹੋ ਜਾਂਦੀ ਹੈ। ਫਿਰ ਅਰਦਾਸ ਉਪਰੰਤ ਲੜਕੇ ਅਤੇ ਲੜਕੀ ਨੂੰ ਉਥੇ ਬੈਠਿਆਂ ਹੀ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਪ੍ਰਸ਼ਾਦ ਛੱਕ ਕੇ ਹੱਥ ਸੁੱਚੇ ਕਰਕੇ ਲੜਕਾ ਅਤੇ ਲੜਕੀ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹਨ ਅਤੇ ਭੇਟਾ ਰੂਪੀ ਕੇਵਲ ਇੱਕ ਰੁਪਇਆ ਭੇਟ ਕਰਨ ਦਾ ਹੁਕਮ ਹੈ। ਇਹ ਰਸਮ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚ ਨਾਲ ਲਾਗੂ ਕਰਵਾਈ ਤਾਂ ਕਿ ਜੇ ਅਮੀਰ ਸਿੱਖ ਵੱਧ ਭੇਟਾ ਕਰੇ ਤਾਂ ਗਰੀਬ ਸਿੱਖ ਹੀਣ ਭਾਵਨਾ ਮਹਿਸੂਸ ਕਰੇਗਾ।

ਵਿਆਹ ਤੋਂ ਬਾਅਦ ਵਿਆਹ ਮੰਡਪ ਤੋਂ ਹੀ ਕੁੜੀ ਨੇ ਪੰਦਰਾਂ ਦਿਨਾਂ ਲਈ ਸਿੱਧੇ ਸਹੁਰੇ ਘਰ ਜਾਣਾ ਹੁੰਦਾ ਹੈ। ਉਹ ਉਸ ਵੇਲੇ ਪੇਕੇ ਘਰ ਨਹੀਂ ਜਾਂਦੀ।

ਦਾਜ ਲੈਣ-ਦੇਣ ਦੀ ਗੁਰਾਂ ਵੱਲੋਂ ਪੂਰੀ ਮਨਾਹੀ ਹੈ । ਕੁੜੀ ਦਾ ਵਿਆਹ ਵਾਲਾ ਜੋੜਾ ਵੀ ਮੁੰਡੇ ਦੇ ਮਾਪੇ ਹੀ ਤਿਆਰ ਕਰਵਾਉਂਦੇ ਹਨ, ਕੁੜੀ ਵਾਲੇ ਨਹੀਂ । ਉਹ ਜੋੜਾ ਵੀ ਸਿੱਧਾ ਸਾਦਾ ਸਫੇਦ ।

ਵਿਆਹ ਤੋਂ ਪਹਿਲਾਂ ਨਾ ਛੁਹਾਰਾ, ਨਾ ਸਗਨ, ਨਾ ਚੁੰਨੀ ਚੜ੍ਹਾਈ-ਇਹੋ ਜਿਹੀ ਕੋਈ ਰਸਮ ਨਹੀਂ ਕੀਤੀ ਜਾਂਦੀ ।

ਵਿਆਹ ਤੈਅ ਕਰਨ ਸਮੇਂ ਕੇਵਲ ਇਕ ਦੂਜੇ ਨੂੰ ਬਚਨ ਦਿੱਤਾ ਜਾਂਦਾ ਹੈ । ਨ ਸਗਾਈ, ਨਾ ਕੁੜਮਾਈ, ਨਾ ਠਾਕਾ, ਕੁਝ ਨਹੀਂ ਹੁੰਦਾ ।

ਵਿਆਹ ਦੀ ਨਿਸਚਿਤ ਤਾਰੀਖ ਰਿਸ਼ਤੇਦਾਰਾਂ, ਦੋਸਤਾਂ ਨੂੰ ਦੱਸਣ ਲਈ ਵਿਆਹ ਦਾ ਕਾਰਡ ਵੀ ਛਾਪ ਕੇ ਭੇਜਣ ਦੀ ਗੁਰਾਂ ਵੱਲੋਂ ਇਜਾਜ਼ਤ ਨਹੀਂ, ਸਖਤ ਮਨਾਹੀ ਹੈ । ਸਹੁਰੇ ਪੇਕੇ ਫੇਰਿਆਂ ਦਾ ਰਿਵਾਜ ਨਹੀਂ ।

ਕੁੜੀ ਦੇ ਹੱਥ ਇਕ ਲੋਹੇ ਜਾਂ ਸਟੀਲ ਦੇ ਕੜੇ ਤੋਂ ਬਿਨਾਂ ਪੂਰੇ ਬਦਨ ਉਪਰ ਕੋਈ ਗਹਿਣਾ ਨਹੀ ਰਹਿੰਦਾ । ਨਾ ਵਾਲੀਆਂ, ਕਾਂਟੇ, ਨਾ ਕੰਠਹਾਰ, ਨਾ ਟਿੱਕਾ, ਨਾ ਪੰਜੇਬਾਂ, ਨਾ ਲਾਲ ਚੂੜਾ, ਨਾ ਵੰਗਾਂ ਤੇ ਨਾ ਕਿਸੇ ਵੀ ਤਰ੍ਹਾਂ ਦੀਆਂ ਚੂੜੀਆਂ ਜਾਂ ਮੁੰਦਰੀਆਂ-ਛਾਪਾਂ ।

ਮੁੰਡੇ ਦੇ ਬਦਨ ਉਪਰ ਵੀ ਕੋਈ ਗਹਿਣਾ ਨਹੀਂ ਰਹਿੰਦਾ । ਨਾ ਸੋਨੇ ਚਾਂਦੀ ਦੀ ਜੰਜੀਰੀ, ਨਾ ਛਾਪ ਮੁੰਦਰੀ, ਜਾਂ ਸੋਨੇ ਦਾ ਕੜਾ ।

ਵਿਧਵਾ ਵਿਆਹ

ਵਿਧਵਾ ਜਾਂ ਵਿਧੁਰ ਦੇ ਵਿਆਹ ਸਮੇਂ ਆਮ ਤੌਰ ਤੇ ਗੁਰਾਂ ਦੇ ਸਾਹਮਣੇ ਉਨ੍ਹਾਂ ਦੇ ਵਿਆਹ ਦੀ ਅਰਦਾਸ ਹੀ ਕਰ ਦਿੱਤੀ ਜਾਂਦੀ ਹੈ, ਲਾਵਾਂ ਫੇਰੇ ਨਹੀਂ ਕੀਤੇ ਜਾਂਦੇ ।

ਤਲਾਕ

ਵਿਆਹ ਤੋਂ ਬਾਅਦ ਜੇ ਕਿਸੇ ਕਾਰਨ ਦੋਹਾਂ ਜੀਆਂ ਦੀ ਬਣ ਨਾ ਆਵੇ ਤਾਂ ਕੋਰਟ ਕਚਹਿਰੀ ਜਾਣ ਦੀ ਲੋੜ ਨਹੀਂ ਪੈਂਦੀ । ਗੁਰਾਂ ਦੀ ਪਹਿਲੀ ਕੋਸ਼ਿਸ਼ ਤਾਂ ਹੁੰਦੀ ਹੈ ਕਿ ਕਿਸੇ ਤਰ੍ਹਾਂ ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਇਕੱਠਿਆਂ ਜੀਵਨ ਜਿਊਣ ਲਈ ਪ੍ਰੇਰਿਤ ਕਰਨ । ਫਿਰ ਵੀ ਜੇ ਕਿਸੇ ਤਰ੍ਹਾਂ ਵੀ ਇਹ ਸੰਭਵ ਨਾ ਹੋਵੇ, ਤਾਂ ਗੁਰਾਂ ਦੇ ਹੁਕਮ ਅਨੁਸਾਰ ਉਹ ਆਪਸ ਵਿੱਚ ਇਕ ਦੂਜੇ ਤੋਂ ਵੱਖ ਹੋ ਸਕਦੇ ਤੇ ਦੋਵੇਂ ਫਿਰ ਤੋਂ ਕਿਸੇ ਹੋਰ ਥਾਂ ਵਿਆਹ ਕਰ ਸਕਦੇ ਹਨ ।

ਵਿਆਹ ਸਮੇਂ ਜੇ ਕਿਸੇ ਕਾਰਨ ਮੁੰਡਾ ਜਾਂ ਕੁੜੀ ਨਾ ਪਹੁੰਚ ਸਕਣ ਦੋਹਾਂ ਵਿੱਚੋਂ ਕਿਸੇ ਦੇ ਵੀ ਮਾਪਿਆਂ ਲਈ ਸਮਾਜ ਵਿੱਚ ਇਸ ਗੱਲੋਂ ਨਮੋਸ਼ੀ ਆਉਣ ਦਾ ਡਰ ਹੋਵੇ ਤਾਂ ਗੁਰੂ ਜੀ ਉਸ ਵੇਲੇ ਕਿਸੇ ਵੀ ਸਿੱਖ ਦੀ ਵਿਆਹੁਣ ਯੋਗ ਲੜਕੀ ਜਾਂ ਲੜਕੇ ਨੂੰ ਵਿਆਹ ਲਈ ਉਸ ਕੋਲੋਂ ਮੰਗ ਸਕਦੇ ਤੇ ਵਿਆਹ ਮੰਡਪ ਵਿੱਚ ਪਹੁੰਚੇ ਇਕੱਲੇ ਲੜਕੇ ਜਾਂ ਲੜਕੀ ਨੂੰ ਵਿਆਹ ਦੇਂਦੇ ਹਨ । ਇਹੋ ਜਿਹੇ ਸਮੇਂ ਗੁਰਾਂ ਦਾ ਹੁਕਮ ਮੰਨ ਕੇ ਕੋਈ ਵੀ ਮੁਰੀਦ ਆਪਣੇ ਆਪ ਨੂੰ ਧੰਨ ਤੇ ਭਾਗਾਂ ਵਾਲਾ ਹੀ ਮੰਨਦਾ ਹੈ ।

ਸਤਿਗੁਰਾਂ ਦੀ ਇਕ ਇਹ ਕੋਸ਼ਿਸ਼ ਹਰ ਸਮੇਂ ਹੀ ਰਹਿੰਦੀ ਹੈ ਕਿ ਨਾਮਧਾਰੀ ਲੜਕੇ ਜਾਂ ਲੜਕੀ ਦਾ ਵਿਆਹ ਨਾਮਧਾਰੀ ਪਰਿਵਾਰ ਵਿੱਚ ਹੀ ਹੋਵੇ । ਗੈਰ ਨਾਮਧਾਰੀ ਪਰਿਵਾਰ ਵਿੱਚ ਕਿਸੇ ਦੇ ਵੀ ਵਿਆਹ ਤੋਂ ਬਾਅਦ ਉਸ ਦੇ ਉਮਰ ਭਰ ਦੇ ਸੰਸਕਾਰ ਪਰੇਸ਼ਾਨੀ ਦਾ ਕਾਰਣ ਬਣਦੇ ਹਨ । ਮਾਸ, ਸ਼ਰਾਬ ਤੇਂ ਤੰਬਾਕੂ ਦੀ ਵਰਤੋਂ ਇਸ ਪੱਖੋਂ ਬਹੁਤ ਬਖੇੜਾ ਖੜਾ ਕਰ ਸਕਦੀ ਹੈ।

ਡਾ. ਅਮਰ ਭਾਰਤੀ

ਧੰਨਵਾਦ ਸਹਿਤ ਮਾਸਿਕ ਨਾਗਮਣੀ ਮਾਰਚ, 1999 ਵਿੱਚੋਂ

✻✻✻✻✻

ਗੁਰਮਤਿ ਦੇ ਨਾਲ ਹੀ ਕਈ ਸਤਿਜੁਗੀ ਰੀਤਾਂ ਵੀ ਪਰਚੱਲਿਤ ਹਨ । ਆਨੰਦ ਸਮੇਂ ਵੇਦੀ ਗੱਡਣੀ, ਹਵਨ ਕਰਨਾ, ਵਰ ਵਧੂ ਨੂੰ ਅੱਗ ਦੇ ਦੁਆਲੇ ਘੁਮਾਉਣਾਂ ਆਦਿ । ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਨਾਮਧਾਰੀਏ ਵਿਆਹ ਸ਼ਾਦੀਆਂ ਬੜੇ ਸਾਦਾ ਢੰਗ ਨਾਲ ਕਰਦੇ ਹਨ, ਜਿਨ੍ਹਾਂ ਵਿੱਚ ਖਰਚ ਨਹੀਂ ਕੀਤਾ ਜਾਂਦਾ । ਸੋਧ ਦਾ ਪ੍ਰਸ਼ਾਦ ਛਕਦੇ ਹਨ ਤੇ ਦਾਰੂ ਮਾਸ ਤੋਂ ਖਾਸ ਕਰਕੇ ਪ੍ਰਹੇਜ ਰੱਖਦੇ ਹਨ । ਏਸੇ ਮਰਿਯਾਦਾ ਦੀ ਪ੍ਰਮਾਣਿਕਤਾ ਨੂੰ ਅਧਾਰ ਬਣਾ ਕੇ 22 ਅਕਤੂਬਰ 1909 ਨੂੰ ਆਨੰਦ ਮਰਿਯਾਦਾ ਐਕਟ ਪਾਸ ਹੋਇਆ" ।

ਪੰਜਾਬ ਦੀਆਂ ਲਹਿਰਾਂ ਐਡੀਸ਼ਨ -1, ਪੰਨਾ - 144
ਸ. ਸ਼ਮਸ਼ੇਰ ਸਿੰਘ (ਅਸ਼ੋਕ ਪ੍ਰਮੁੱਖ ਇਤਿਹਾਸਕਾਰ)

✻✻✻✻✻

THE ANAND MARRIAGE ACT (VII OF 1909)

Prefatory Note : Reasons for the passing of the act.-The Anand Marriage Act, 1909, was passed in order to remove all doubts as to the validity of the marriage ceremony common among the sikhs called "Anand." The object of this act was to set at rest doubts as to the validity of the marriage rite of the Sikhs called "Anand." This form of marriage had long been practised among the Sikhs, but it was apprehended that there were good reasons to believe that, in the absence of a validating enactment, doubts might be thrown upon it, and the Sikhs might have had to face great difficulties in the future, and incur heavy expenses on suits instituted in the Civil Courts. It was also apprehended that in the absence of such a law, some judicial officers might be uncertain as to the validity of this orthodox Sikh custom. It was therefore thought desirable that all doubts, should be set at rest for the future, by passing this enactment, which merely validates ans existing rite and involves no new principle, See Statement of Objects and Reasons.

(22nd October, 1909)

An Act to remove doubts as to the validity of the marriage ceremony common among the Sikhs called Anand.

WHEREAS it is expedient to remove any doubts as to the validity of the of the marriage ceremony common among the Sikhs called Anand; It is hereby enacted as follows :

Short title and extent.

1. (1) This Act may be called THE ANAND MARRIAGE ACT, 1909; and
   (2) It extends to the whole of British India.

Validity of Anand Marriage.

2. All marriages which may be or may have been duly solemnized according to the Sikh marriage ceremony called Anand shall be, and shall be deemed to have been with effect from the date of the solemnization of each respectively, good and valid in law.

Exemption of certain marriages from Act.

3. Nothing in this Act shall apply to-
   (a) any marriage between persons not professing the Sikh religion, or
   (b) any marriage which has been judicially declared to be null and void.

※※※※※



3 ਜੂਨ, 1963 ਈ: ਪਿੰਡ ਖੋਟੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਅਨੰਦ ਕਾਰਜ ਸ਼ਤਾਬਦੀ ਸਮੇਂ 150 ਅਨੰਦ ਕਾਰਜਾਂ ਦਾ ਦ੍ਰਿਸ਼

ਸਿੱਖ ਸਮਾਜ ਦੇ ਮਹਾਨ ਚਿੰਤਕ ਅਤੇ ਦਾਰਸ਼ਨਿਕ

ਸਿਰਦਾਰ ਕਪੂਰ ਸਿੰਘ ਦੀ ਕਲਮ ਤੋਂ



ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਿਕ ਹਸਤੀ ਅਜੇਹੀ ਨਹੀਂ ਹੋਈ, ਜਿਸਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨੱਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜਿਹੀ ਗੱਲ ਸੀ।

ਗੁਰੂ, ਜਿਹੜੇ ਕਿ ਜਗਤ ਨੂੰ ਰੌਸ਼ਨੀ ਦਿਖਾਣ ਤੇ ਸੰਸਾਰ ਦੀ ਰਾਹਨੁਮਾਈ ਕਰਨ ਆਏ ਸਨ, ਭਾਵ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ, ਉਹਨਾਂ ਗੁਰੂਆਂ ਦੀ ਆਤਮਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿੱਚ ਚਮਕ ਉੱਠੀ ਸੀ।

ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ ? ਉਸ ਬਾਰੇ ਕੋਈ ਭਰਮ ਭੁਲੇਖਾ ਉਹਨਾਂ ਦੇ ਜੀਵਨ ਨੂੰ ਜਾਨਣ ਸੁਨਣ ਵਾਲਿਆਂ ਦੇ ਮਨਾਂ ਵਿੱਚ ਨਹੀਂ ਰਹਿ ਜਾਂਦਾ। ਉਹਨਾਂ ਦਾ ਨਿਸ਼ਾਨਾ ਇਹ ਸੀ : 1. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸਵੱਛ ਤੇ ਸਾਫ ਰੱਖਣ। 2. ਲੋਕਾਂ ਦੇ ਮਨ ਭਰਮਾਂ ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋ ਜਾਣ। 3. ਸਮਾਜਿਕ ਤੌਰ ਤੇ ਇਸਤ੍ਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿਦਿਆ ਦੇ ਪ੍ਰਚਾਰ ਰਾਹੀਂ ਉਨੱਤੀ ਕਰਨ। 4. ਲੋਕਾਂ ਦੀ ਆਤਮਾ ਧਾਰਮਿਕ ਤੌਰ ਉਤੇ ਸੁਰਜੀਤ ਤੇ ਤਕੜੀ ਹੋਵੇ। 5. ਦੇਸ਼ ਤੇ ਜਨਤਾ, ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸੁਤੰਤਰ ਹੋ ਕੇ, ਆਪਣਾ ਰਾਜ ਆਪ ਕਰਨ।

"ਸਿੱਖ ਗੁਰੂਆਂ, ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਪਿੱਛੋਂ, ਬਾਬਾ ਰਾਮ ਸਿੰਘ ਹਿੰਦੁਸਤਾਨ ਵਿੱਚ ਇਕ ਬੜੇ ਮਹਾਨ ਸੁਧਾਰਕ ਅਤੇ ਰਾਹਨੁਮਾ ਹੋਏ ਹਨ। ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਪੂਰਨ ਤੇ ਮੁਕੰਮਲ ਬਰਾਬਰੀ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਜੇ ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇੱਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿੱਚ ਖੜਾ ਕਰ ਦਿੰਦਾ ਹੈ।

'ਸਪਤ ਸ੍ਰਿੰਗ' ਸਿਰਦਾਰ ਕਪੂਰ ਸਿੰਘ ਆਈ.ਸੀ.ਐਸ.

EDIT & LAYOUT BY : HARPAL SINGH 'SEWAK' / AJIT SINGH LYALL

ਸ੍ਰੀ ਸਤਿਗੁਰੂ ਉਦੇ ਸਿੰਘ ਜੀ

.........ਪ੍ਰਵਚਨਾਂ 'ਚੋਂ

..............ਖਾਲਸਾ ਪੰਥ ਦੀ ਸਿਰਜਨਾ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਅਤੇ ਜੋ ਸਰੂਪ ਅਸੀਂ ਦੇਖ ਰਹੇਂ ਹਾਂ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਹੈ। ਉਹਨਾਂ ਇਹ ਦ੍ਰਿੜਾਇਆ ਕਿ ਤੁਹਾਨੂੰ ਗੁਰਬਾਣੀ ਅਤੇ ਨਾਮ ਦਿੱਤਾ ਹੈ, ਉਹ ਸਭ ਤੋਂ ਉੱਤੇ ਹੈ।

ਉਹ ਇਕ ਸਮਾਂ ਸੀ ਜਦੋਂ ਵਿਆਹ ਏਨੇਂ ਮਹਿੰਗੇ ਹੋ ਚੁੱਕੇ ਸਨ, ਇਹ ਸਮਝਿਆ ਜਾਂਦਾ ਸੀ ਕਿ ਕੁੜੀਆਂ ਵਿਆਹੁਣ ਨਾਲੋਂ ਗਲ ਘੁੱਟ ਦੇਣਾ ਚੰਗਾ ਹੈ। ਉਸ ਸਮੇਂ ਦੀ ਲੋੜ ਨੂੰ ਸਮਝਦਿਆਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਅਨੰਦ ਕਾਰਜ ਦੀ ਰੀਤ 1863 ਈ: ਨੂੰ ਪਿੰਡ ਖੋਟੇ ਤੋਂ ਸ਼ੁਰੂ ਕੀਤੀ ਜਿਹੜੀ ਅੱਜ ਤੱਕ ਉਸੇ ਤਰ੍ਹਾਂ ਚੱਲ ਰਹੀ ਹੈ। ਇਸ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਰੀਤ ਨੂੰ ਜੋ ਅਸੀਂ ਤੁਸੀਂ ਵੇਖਿਆ ਹੈ, ਉਸਨੂੰ ਦ੍ਰਿੜ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਜੀ ਨੇ ਇਸ ਤਰ੍ਹਾਂ ਕਰਾਇਆ ਕਿ ਇੱਕ-ਇੱਕ ਬੱਚੇ ਤੋਂ ਪ੍ਰਣ ਲਿਆ ਕਿ ਮੈਂ ਦਾਜ ਨਹੀਂ ਲਵਾਂਗਾ, ਪਾਰਟੀ ਨਹੀਂ ਕਰਾਂਗਾ, ਕੋਈ ਹੋਰ ਰਸਮ ਵੀ ਨਹੀਂ ਕਰਾਂਗਾ। ਇਹ ਸੱਚੇਪਾਤਸ਼ਾਹ ਸਾਡੇ ਭਲੇ ਵਾਸਤੇ ਕਰਦੇ ਸਨ।

ਸਾਨੂੰ ਨਾਮਧਾਰੀਆਂ ਨੂੰ ਇਹ ਗਰਵ ਹੈ, ਸਾਡਾ ਦੁਨੀਆਂ ਵਿੱਚ ਇਸ ਕਰਕੇ ਸਤਿਕਾਰ ਹੁੰਦਾ ਹੈ ਕਿ ਸਾਡੇ ਅਨੰਦ ਕਾਰਜ ਬਹੁਤ ਸਾਦੇ ਹੁੰਦੇ ਹਨ। ਮੇਰੀ ਇਹ ਅਰਜ਼ ਬੇਨਤੀ ਹੈ ਕਿ ਨੌਜਵਾਨ ਅੱਗੇ ਲੱਗਣ, ਅਸੀਂ ਇਹ ਪ੍ਰਣ ਕਰੀਏ ਜੋ ਡੇਢ ਸੌ ਸਾਲ ਅਸੀਂ ਮਨਾ ਰਹੇ ਹਾਂ, ਸਾਡੇ ਅਨੰਦ ਕਾਰਜ ਸਾਦੇ ਹੋਣਗੇ, ਸਤਿਗੁਰਾਂ ਦੇ ਹੁਕਮ ਮੁਤਾਬਿਕ ਹੋਣਗੇ। ਕੋਈ ਲੈਣ-ਦੇਣ ਨਹੀਂ ਹੋਵੇਗਾ। ਸੱਚੇਪਾਤਸ਼ਾਹ ਕਿਰਪਾ ਕਰਨ, ਅਸੀਂ ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕਰੀਏ ਜਿਸ ਤਰ੍ਹਾਂ ਉਹਨਾਂ ਦੀ ਰਜ਼ਾ ਸੀ ਅਸੀਂ ਉਸੇ ਤਰਾਂ ਚੱਲ ਸੱਕੀਏ.......

(31 ਮਾਰਚ, 2013 ਹੋਲਾ ਮਹੱਲਾ. ਸ੍ਰੀ ਭੈਣੀ ਸਾਹਿਬ।